# ECHO OF HIS CALL

# ਯਿਸੂ ਮਸੀਹ ਦੇ ਬੁਲਾਵੇ ਦੀ ਗੂੰਜ

PUNJABI

India's National Spiritual Newspaper

₹ 10/-

ECHO OF HIS CALL 1969-2019 GOLDEN JUBILEE

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

Editor : S. SAM SELVA RAJ | 16 Languages | Associate Editor : Bro. Vishwas Masih

VOL. XXI | YEAR OF OUR LORD JESUS CHRIST, MARCH 2020 | NO. 1


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 138:1-8

1. ਮੈਂ ਆਪਣੇ ਸਾਰੇ ਦਿਲ ਤੋਂ ਤੇਰਾ ਧੰਨਵਾਦ ਕਰਾਂਗਾ, ਦੇਵਤਿਆਂ ਦੇ ਅੱਗੇ ਮੈਂ ਤੇਰੇ ਭਜਨ ਗਾਵਾਂਗਾ।
2. ਮੈਂ ਤੇਰੀ ਪਵਿੱਤਰ ਹੈਕਲ ਵੱਲ ਮੱਥਾ ਟੇਕਾਂਗਾ ਅਤੇ ਮੈਂ ਤੇਰੀ ਦਯਾ ਦੇ ਕਾਰਨ ਤੇ ਤੇਰੀ ਵਫ਼ਾਦਾਰੀ ਦੇ ਕਾਰਨ ਤੇਰੇ ਨਾਮ ਦਾ ਧੰਨਵਾਦ ਕਰਾਂਗਾ; ਕਿਉਂ ਜੋ ਤੈਂ ਸਭ ਦੇ ਉੱਤੇ ਆਪਣੇ ਨਾਮ ਨੂੰ, ਆਪਣੇ ਬਚਨ ਨੂੰ ਵਡਿਆਇਆ।
3. ਜਿਸ ਦਿਨ ਮੈਂ ਤੈਨੂੰ ਪੁਕਾਰਿਆ ਤੈਂ ਮੈਨੂੰ ਉੱਤਰ ਦਿੱਤਾ, ਤੈਂ ਮੇਰੀ ਜਾਨ ਨੂੰ ਬਲ ਦੇ ਕੇ ਮੈਨੂੰ ਦਲੇਰ ਬਣਾਇਆ।
4. ਹੇ ਯਹੋਵਾਹ! ਧਰਤੀ ਦੇ ਸਾਰੇ ਰਾਜੇ ਤੇਰਾ ਧੰਨਵਾਦ ਕਰਨਗੇ ਕਿਉਂ ਜੋ ਉਨ੍ਹਾਂ ਨੇ ਤੇਰੇ ਸੁੱਖ ਦਿਆਂ ਵਾਕਾਂ ਨੂੰ ਸੁਣਿਆਂ ਹੈ।
5. ਅਤੇ ਉਹ ਯਹੋਵਾਹ ਦੇ ਰਾਹਾਂ ਦੇ ਗੀਤ ਗਾਉਣਗੇ, ਯਹੋਵਾਹ ਦੀ ਮਹਿਮਾ ਜੋ ਵੱਡੀ ਹੈ।
6. ਭਾਵੇਂ ਯਹੋਵਾਹ ਮਹਾਨ ਹੈ ਤਾਂ ਵੀ ਉਹ ਹੀਣਿਆਂ ਨੂੰ ਵੇਖਦਾ ਹੈ ਪਰ ਹੰਕਾਰੀਆਂ ਨੂੰ ਦੂਰੋਂ ਜਾਣ ਲੈਂਦਾ ਹੈ।
7. ਭਾਵੇਂ ਮੈਂ ਦੁੱਖਾਂ ਵਿੱਚ ਚੱਲਾਂ ਤੂੰ ਮੈਨੂੰ ਜੀਉਂਦਾ ਰੱਖੇਂਗਾ, ਮੇਰੇ ਵੈਰੀਆਂ ਦੇ ਕ੍ਰੋਧ ਉੱਤੇ ਤੂੰ ਆਪਣਾ ਹੱਥ ਵਧਾਵੇਂਗਾ ਅਤੇ ਤੇਰਾ ਸੱਜਾ ਹੱਥ ਮੈਨੂੰ ਬਚਾਵੇਗਾ।
8. ਯਹੋਵਾਹ ਮੇਰਾ ਕੰਮ ਪੂਰਾ ਕਰੇਗਾ, ਹੇ ਯਹੋਵਾਹ ਤੇਰੀ ਦਯਾ ਸਦੀਪਕ ਹੈ, ਆਪਣੇ ਹੱਥਾਂ ਦੇ ਕੰਮਾਂ ਨੂੰ ਨਾ ਤਿਆਗ।

## THE POWER OF THE LORD'S PRESENCE !

## ਪ੍ਰਮੇਸ਼ਵਰ ਦੀ ਹਜ਼ੂਰੀ ਦੀ ਸਮਰੱਥ!

ਇਹ ਸੰਦੇਸ਼ ਪ੍ਰਮੇਸ਼ਵਰ ਦੀ ਹਜ਼ੂਰੀ ਦੀ ਅਲੌਕਿਕ ਸਮਰੱਥ ਅਰ ਅਸੀਂ ਕਿਵੇਂ ਉਸ ਸਮਰੱਥ ਨੂੰ ਪਾ ਸਕਦੇ ਹਾਂ, ਦੇ ਬਾਰੇ ਗੱਲ ਕਰਦਾ ਹੈ। ਬਾਈਬਲ ਅਜਿਹੀਆਂ ਉਦਾਹਰਨਾਂ ਨਾਲ ਭਰੀ ਪਈ ਹੈ ਜੋ ਦੱਸਦੀਆਂ ਹਨ ਕਿ ਪ੍ਰਮੇਸ਼ਵਰ ਦੀ ਸਮਰੱਥ ਕਿਵੇਂ ਮਨੁੱਖ ਦੀ ਤਾਕਤ ਬਖ਼ਸ਼ਦੀ ਹੈ ਕਿ ਉਹ ਪ੍ਰਮੇਸ਼ਵਰ ਲਈ ਜੀ ਸਕੇ। ਅਰ ਇਹਨਾਂ ਤਾਕਤਵਰ ਉਦਾਹਰਨਾਂ ਵਿੱਚੋਂ ਇੱਕ ਮੂਸਾ ਦੀ ਉਦਾਹਰਨ ਹੈ।

ਮੂਸਾ ਇਸ ਗੱਲ ਬਾਰੇ ਨਿਸ਼ਚਿਤ ਸੀ ਕਿ ਪ੍ਰਮੇਸ਼ਵਰ ਦੀ ਉਸਦੇ ਜੀਵਨ ਵਿੱਚ ਹਜ਼ੂਰੀ ਤੋਂ ਬਗੈਰ ਉਸਦਾ ਕੁੱਝ ਵੀ ਕਰਨਾ ਬੇਕਾਰ ਸੀ। ਜਦੋਂ ਉਹ ਪ੍ਰਮੇਸ਼ਵਰ ਨਾਲ ਆਮ੍ਹਣੇ ਸਾਮ੍ਹਣੇ ਗੱਲ ਕਰਦਾ ਹੈ ਤਾਂ ਆਖਦਾ ਹੈ, "...ਜੇ ਤੇਰੀ ਹਜ਼ੂਰੀ ਸਾਡੇ ਸੰਗ ਨਹੀਂ ਜਾਂਦੀ ਤਾਂ ਸਾਨੂੰ ਏਥੋਂ ਉਤਾਹਾਂ ਨਾ ਲੈ ਜਾਵੀਂ" (ਕੂਚ 33:15)। ਉਹ ਆਖ ਰਿਹਾ ਸੀ ਕਿ "ਹੇ ਪ੍ਰਮੇਸ਼ਵਰ ਜੇਕਰ ਤੇਰੀ ਮੌਜੂਦਗੀ ਮੇਰੇ ਨਾਲ ਨਹੀਂ ਤਾਂ ਮੈਂ ਕਿਤੇ ਨਹੀਂ ਜਾਵਾਂਗਾ। ਮੈਂ ਤੇਰੇ ਤੋਂ ਬਿਨਾਂ ਇੱਕ ਕਦਮ ਵੀ ਨਹੀਂ ਚੱਲਾਂਗਾ!"

ਮੂਸਾ ਜਾਣਦਾ ਸੀ ਕਿ ਪ੍ਰਮੇਸ਼ਵਰ ਦੀ ਇਸਰਾਏਲੀਆਂ ਸੰਗ ਮੌਜੂਦਗੀ ਹੀ ਉਨ੍ਹਾਂ ਨੂੰ ਸੰਸਾਰ ਤੋਂ ਅਲੱਗ ਕਰਦੀ ਸੀ। ਅਰ ਇਹੀ ਗੱਲ ਅੱਜ ਯਿਸੂ ਮਸੀਹ ਦੀ ਕਲੀਸਿਆ ਲਈ ਵੀ ਢੁਕਦੀ ਹੈ। ਜਿਹੜੀ ਗੱਲ ਸਾਨੂੰ ਗੈਰ-ਵਿਸ਼ਵਾਸੀਆਂ ਤੋਂ ਅਲੱਗ ਕਰਦੀ ਹੈ ਕਿ ਪ੍ਰਮੇਸ਼ਵਰ "ਸਾਡੇ ਨਾਲ" ਰਹਿੰਦਾ ਹੈ- ਸਾਡੀ ਅਗਵਾਈ ਕਰਦਾ, ਨਿਗਹਬਾਨੀ ਕਰਦਾ, ਸਾਡੇ ਅੰਦਰ ਅਰ ਸਾਡੇ ਰਾਹੀ ਆਪਣੀ ਯੋਜਨਾ ਨੂੰ ਪੂਰਾ ਕਰਦਾ ਹੈ।

ਮੂਸਾ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਸੀ ਕਿ ਦੂਜੀਆਂ ਕੌਮਾਂ ਕਿੱਥੋਂ ਸਹਾਇਤਾ ਲੈਂਦੀਆਂ, ਕਿਵੇਂ ਰਣਨੀਤੀਆਂ ਬਣਾਉਂਦੀਆਂ, ਹਕੂਮਤ ਨੂੰ ਚਲਾਉਂਦੀਆਂ ਜਾਂ ਆਪਣੀਆਂ ਸੈਨਾਵਾਂ ਨੂੰ ਇਸਤੇਮਾਲ ਕਰਦੀਆਂ ਸਨ। ਉਸ ਆਖਦਾ ਹੈ, "ਅਸੀਂ ਕੇਵਲ ਇੱਕ ਸਿਧਾਂਤ ਅਨੁਸਾਰ ਹੀ ਚੱਲਦੇ ਹਾਂ। ਇਸ ਦੇਸ਼ ਵਿੱਚ ਸਾਡੀ ਅਗਵਾਈ, ਹਕੂਮਤ ਅਰ ਯੁੱਧ ਵਿੱਚ ਜਿੱਤ ਪਾਉਣ ਦਾ ਕੇਵਲ ਇੱਕ ਹੀ ਸ੍ਰੋਤ ਹੈ, ਕਿ ਪ੍ਰਮੇਸ਼ਵਰ ਦੀ ਹਜ਼ੂਰੀ ਸਾਡੇ ਨਾਲ ਰਹਿੰਦੀ ਹੈ!"

"ਜਦੋਂ ਪ੍ਰਮੇਸ਼ਵਰ ਦੀ ਹਜ਼ੂਰੀ ਸਾਡੇ ਸੰਗ ਹੈ ਤਾਂ ਸਾਨੂੰ ਕੋਈ ਵੀ ਨੁਕਸਾਨ ਨਹੀਂ ਪੁਚਾ ਸਕਦਾ ਪਰੰਤੂ ਉਸਤੋਂ ਬਿਨਾਂ ਅਸੀਂ ਅਸਹਾਇ ਅਰ ਕੁਝ ਵੀ ਨਹੀਂ ਹਾਂ। ਭਾਵੇ ਸੰਸਾਰ ਦੀਆਂ ਸਭ ਹਕੂਮਤਾਂ ਆਪਣੀਆਂ ਸਮਰੱਥੀ ਫ਼ੌਜਾਂ, ਫ਼ੌਲਾਦੀ ਰੱਥਾਂ, ਕੁਸ਼ਲ ਸਿਪਾਹੀਆਂ ਅਰ ਨਵੇਂ ਹਥਿਆਰਾਂ ਉੱਪਰ ਯਕੀਨ ਰੱਖਦੀਆਂ ਹਨ ਪਰੰਤੂ ਅਸੀਂ ਸਾਡੇ ਪ੍ਰਮੇਸ਼ਵਰ ਦੀ ਪ੍ਰਤੱਖ ਹਜ਼ੂਰੀ ਉੱਪਰ ਭਰੋਸਾ ਰੱਖਦੇ ਹਾਂ!"

ਮੂਸਾ ਦੇ ਇਸ ਦਲੇਰੀ ਭਰੇ ਕਥਨ ਦਾ ਪ੍ਰਮੇਸ਼ਵਰ ਨੇ ਇੰਝ ਪ੍ਰਤੀ-ਉੱਤਰ ਦਿੱਤਾ: "ਮੇਰੀ ਹਜ਼ੂਰੀ ਤੇਰੇ ਸੰਗ ਜਾਵੇਗੀ ਅਤੇ ਮੈਂ ਤੈਨੂੰ ਵਿਸਰਾਮ ਦਿਆਂਗਾ" (ਕੂਚ 33:14)। ਕਿੰਨਾ ਅਦਭੁੱਤ ਵਾਅਦਾ ਹੈ! ਇਬਰਾਨੀ ਸ਼ਬਦ ਵਿਸਰਾਮ ਦਾ ਇੱਥੇ ਅਰਥ ਹੈ, 'ਚੈਨ ਅਰ ਸ਼ਾਂਤੀ ਭਰਿਆ ਆਰਾਮ'।ਪ੍ਰਮੇਸ਼ਵਰ ਆਖ ਰਿਹਾ ਸੀ, "ਭਾਵੇਂ ਕਿਸੇ ਵੀ ਦੁਸ਼ਮਣ ਜਾਂ ਚੁਨੌਤੀ ਦਾ ਤੁਸੀਂ ਸਾਹਮਣਾ ਕਰੋ ਪਰੰਤੂ ਤੁਸੀ ਸਦਾ ਮੇਰੇ ਵੱਲੋਂ ਉਸ ਸ਼ਾਂਤੀ ਭਰੇ ਵਿਸਰਾਮ ਨੂੰ ਪਾਓਗੇ!"

ਜ਼ਰਾ ਸੋਚੋ: ਜੇਕਰ ਕਲੀਸਿਆ ਵਿੱਚ ਪ੍ਰਮੇਸ਼ਵਰ ਦੀ ਪ੍ਰਤੱਖ ਹਜ਼ੂਰੀ ਹੋਵੇਗੀ ਤਾਂ ਫਿਰ ਕੋਈ ਦੌੜ ਭੱਜ, ਪਸੀਨਾ ਵਹਾਉਣਾ ਜਾਂ ਭੁੱਖ ਨਹੀਂ ਹੋਵੇਗੀ। ਅਰਾਧਨਾ ਸਭਾ ਕੇਵਲ ਤਿੰਨ ਗੀਤ ਗਾ ਕੇ, ਭੇਂਟ ਲੈ ਕੇ ਅਰ ਛੋਟਾ ਸੰਦੇਸ਼ ਸੁਣਾ ਕੇ ਜਲਦੀ ਨਾਲ ਖਤਮ ਨਹੀਂ ਹੋਵੇਗੀ। ਪਰੰਤੂ ਅਰਾਧਨਾ ਵਿੱਚ

(ਚਲਦਾ ਸਫਾ 4-)

*Touching lives by Teaching ...Since1969*

# ਬੁਲਾਵੇ ਦੀ ਗੂੰਜ

(ਅੰਗਰੇਜੀ,ਤਾਮਿਲ,ਮਲਿਆਲਮ,ਤੇਲਗੂ,ਹਿੰਦੀ,,ਮਰਾਠੀ,ਕੰਨੜਾ,ਬੰਗਾਲੀ,ਗੁਜਰਾਤੀ, ਉੜੀਆ,ਨੇਪਾਲੀ,ਪੰਜਾਬੀ,ਉਰਦੂ,ਸਿਨਹਾਲਾ ਅਤੇ ਅਫਰੀਕਨ ਮਾਸਿਕ ਪੱਤ੍ਰਿਕਾ)



## "...ਨੇਕੀ ਤੇਰੇ ਉੱਤੇ ਆਏਗੀ" (ਅੱਯੂਬ 22:21)।




**CHIEF EDITORS**
Pastor S. Sam Selva Raj
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.

**ADVISORY BOARD**
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L.
Bro. Rajeswaran Samuel, B.Com.

**PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+91-44) 2852 8282
2852 9293, 2854 7766
Email : sam@echoofhiscall.org
biblecor@yahoo.co.in
Websites :
www.echoofhiscall.org
www.echoofhiscall.com

ਮਸੀਹ ਵਿੱਚ ਪਿਆਰੇ ਮਿੱਤਰੋ,

ਸਾਡੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੇ ਨਾਮ ਵਿੱਚ ਅਸੀਂ ਤੁਹਾਨੂੰ ਸ਼ੁੱਭ ਇੱਛਾਵਾਂ ਦਿੰਦੇ ਹਾਂ।ਅਸੀਂ ਤੁਹਾਡੇ ਲਈ ਪ੍ਰਾਰਥਨਾ ਕਰਦੇ ਹਾਂ ਅਤੇ ਇਹ ਉਮੀਦ ਕਰਦੇ ਹਾਂ ਕਿ ਤੁਸੀਂ ਪ੍ਰਮੇਸ਼ਵਰ ਦੀ ਸਮਰੱਥੀ ਪਨਾਹ ਦਾ ਅਨੰਦ ਮਾਣ ਰਹੇ ਹੋ।

ਇਨ੍ਹੀਂ ਦਿਨੀਂ ਸਾਨੂੰ ਖ਼ਬਰਾਂ ਮਿਲ ਰਹੀਆਂ ਹਨ ਕਿ ਸੰਸਾਰ ਦੇ ਅਲੱਗ ਅਲੱਗ ਦੇਸ਼ਾਂ ਵਿੱਚ ਭਾਂਤ ਭਾਂਤ ਦੇ ਲੋਕਾਂ ਉੱਪਰ ਪਵਿੱਤਰ ਆਤਮਾ ਉੱਤਰ ਰਿਹਾ ਹੈ। ਸਾਨੂੰ ਆਪਣੇ ਬਹੁਤ ਸਾਰੇ ਉਨ੍ਹਾਂ ਮਿੱਤਰਾਂ ਅਤੇ ਜਾਣਕਾਰਾਂ ਬਾਰੇ ਪਤਾ ਲੱਗਾ ਹੈ ਜੋ ਪਹਿਲਾਂ ਯਿਸੂ ਮਸੀਹ ਉੱਪਰ ਨਿਹਚਾ ਨਹੀਂ ਕਰਦੇ ਸਨ ਪਰ ਅੱਜ ਮੁਕਤੀ ਪਾ ਚੁੱਕੇ ਹਨ ਅਰ ਖੁੱਲ ਕੇ ਇਹ ਪ੍ਰਚਾਰ ਕਰ ਰਹੇ ਹਨ ਕਿ ਯਿਸੂ ਮਸੀਹ ਹੀ ਪ੍ਰਭੂ ਅਤੇ ਮੁਕਤੀਦਾਤਾ ਹੈ। ਇਨ੍ਹਾਂ ਵਿੱਚ ਫਿਲਮੀ ਜਗਤ ਅਤੇ ਰਾਜਨੀਤੀ ਦੇ ਖੇਤਰ ਵਿੱਚੋਂ ਵੀ ਹਸਤੀਆਂ ਹਨ। ਇਸ ਲਈ ਉਨ੍ਹਾਂ ਸਭ ਮਸੀਹੀਆਂ ਨੂੰ ਜੋ ਸੰਪ੍ਰਦਾਇਕ ਵਖਰੇਵਿਆਂ ਨੂੰ ਭੁਲਾ ਕੇ ਪ੍ਰਾਰਥਨਾਵਾਂ ਅਤੇ ਸੇਵਕਾਈ ਕਰਦੇ ਹਨ, ਚਾਹੀਦਾ ਹੈ ਕਿ ਉਹ ਪ੍ਰਭੂ ਯਿਸੂ ਮਸੀਹ ਦਾ ਧੰਨਵਾਦ ਕਰਨ ਜੋ ਵਿਰੋਧੀ ਹਲਾਤਾਂ ਦੇ ਬਾਵਜੂਦ ਵੀ ਇਨ੍ਹਾਂ ਅਪਹੁੰਚ ਲੋਕਾਂ ਤੱਕ ਆਪਣੀ ਮੁਕਤੀ ਨੂੰ ਪਹੁੰਚਾ ਰਿਹਾ ਹੈ।

ਸਾਨੂੰ ਮੀਡੀਆ ਕਰਮਚਾਰੀਆਂ ਲਈ ਵੀ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਉਹ ਦਲੇਰੀ ਨਾਲ ਆਤਮਿਕ ਜਗਤ ਵਿੱਚ ਵਾਪਰਨ ਵਾਲੇ ਮੁੱਦਿਆਂ ਨੂੰ ਪ੍ਰਕਾਸ਼ਿਤ ਕਰ ਸਕਣ। ਪ੍ਰਮੇਸ਼ਵਰ ਵੱਲੋਂ ਲੋਕਾਂ ਦੇ ਜੀਵਨਾਂ ਵਿੱਚ ਕੀਤੇ ਜਾ ਰਹੇ ਜਿਆਦਾਤਰ ਕੰਮਾਂ ਨੂੰ ਆਮ ਲੋਕਾਂ ਤੱਕ ਪਹੁੰਚਾਇਆ ਨਹੀਂ ਜਾ ਰਿਹਾ। ਇਸ ਮਹੀਨੇ ਅਸੀਂ ਖਾਸ ਤੌਰ ਤੇ ਮੀਡੀਆ ਅਜੰਸੀਆਂ ਜਿਵੇਂ, ਅਖ਼ਬਾਰ, ਟੈਲੀਵਿਜ਼ਨ, ਇੰਟਰਨੈੱਟ, ਵੱਟਸਐਪ ਆਦਿ ਲਈ ਪ੍ਰਾਰਥਨਾ ਕਰੀਏ ਕਿ ਇਹ ਸਭ ਪ੍ਰਮੇਸ਼ਵਰ ਦੇ ਚਮਤਕਾਰਾਂ ਅਤੇ ਹੋਰ ਅਦਭੁੱਤ ਕੰਮਾਂ ਨੂੰ ਵਿਖਾ ਸਕਣ। ਹਰ ਰੋਜ਼ ਸਾਡੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੀ ਸਮਰੱਥ ਰਾਹੀਂ ਲੋਕਾਂ ਦੇ ਜੀਵਨਾਂ ਵਿੱਚ ਅਲੌਕਿਕ ਕੰਮ ਹੋ ਰਹੇ ਹਨ। ਅਸੀਂ ਪ੍ਰਭੂ ਯਿਸੂ ਮਸੀਹ ਦੇ ਬਹੁਤ ਧੰਨਵਾਦੀ ਹਾਂ ਕਿ ਉਸਨੇ ਪ੍ਰਾਰਥਨਾ ਯੋਧਿਆਂ ਦੀਆਂ ਬੇਨਤੀਆਂ ਨੂੰ ਸੁਣਿਆ ਅਤੇ ਆਪਣੇ ਕਾਮਿਆਂ ਦੀ ਸਖ਼ਤ ਮੇਹਨਤ ਦਾ ਆਦਰ ਕਰਕੇ ਸੁਸਮਾਚਾਰ ਨੂੰ ਕਠਿਨ ਇਲਾਕਿਆਂ ਵਿੱਚ ਪੁਚਾਇਆ ਹੈ।

ਜਿਨ੍ਹਾਂ ਖੇਤਰਾਂ ਵਿੱਚ ਸਾਡੇ ਸੇਵਕ ਸੇਵਕਾਈਆਂ ਕਰ ਰਹੇ ਹਨ ਉਨ੍ਹਾਂ ਇਲਾਕਿਆਂ ਵਿੱਚੋਂ ਵੀ ਆਤਮਾ ਦੇ ਜ਼ੋਰਦਾਰ ਕੰਮਾਂ ਦੀਆਂ ਖ਼ਬਰਾਂ ਸਾਨੂੰ ਮਿਲ ਰਹੀਆਂ ਹਨ।

ਇਸੇ ਸਾਲ 9 ਜਨਵਰੀ ਨੂੰ ਦਿਨੇਂ ਲਗਭਗ 12:30 ਵਜੇ ਅਸੀਂ ਦੱਖਣੀ ਭਾਰਤ ਤਿਰੁਨਲਵੇਲੀ ਨਾਮਕ ਜਗ੍ਹਾ ਵਿੱਚ ਆਪਣੀ ਮਿਸ਼ਨਰੀ ਯਾਤਰਾ ਦੌਰਾਨ ਰਾਹ ਵਿੱਚ ਇੱਕ ਰੈਸਟੋਰੈਂਟ ਤੇ ਕੁਝ ਸਮਾਂ ਰੁਕੇ। ਅਚਾਨਕ ਇੱਕ ਪਤੀ ਪਤਨੀ ਆਏ ਅਰ ਸਾਡੇ ਟੇਬਲ ਉੱਪਰ ਹੀ ਬੈਠ ਗਏ। ਕਿਉਂਕਿ ਅਸੀਂ ਲੰਬੀ ਯਾਤਰਾ ਕਾਰਨ ਬਹੁਤ ਥੱਕੇ ਹੋਏ ਸੀ ਇਸ ਲਈ ਸਾਡਾ ਧਿਆਨ ਸਾਡੀ ਕਾਫ਼ੀ ਵੱਲ ਸੀ ਅਰ ਅਸੀਂ ਉਸਨੂੰ ਪੀ ਰਹੇ ਸੀ; ਉਹ ਵਿਅਕਤੀ ਸਾਡੇ ਵੱਲ ਬੜੀ ਗੰਭੀਰਤਾ ਨਾਲ ਵੇਖ ਰਿਹਾ ਸੀ, ਉਹ ਅਚਾਨਕ ਉੱਠਿਆ ਅਰ ਮੈਨੂੰ ਜੱਫ਼ੀ ਪਾ ਕੇ ਇਹ ਰੌਚਕ ਸ਼ਬਦ ਆਖਣ ਲੱਗਾ:



"ਬ੍ਰ. ਸੈਮ, ਕੀ ਤੁਸੀਂ ਮੈਨੂੰ ਪਹਿਚਾਣਿਆਂ? ਮੈਂ ਰੈਵ. ਾਮਦਾਸ ਹਾਂ ਜੋ ਕਿ 1992-1994 ਦੌਰਾਨ ਤੁਹਾਡੇ ਨਹਮਯਾਹ ਬਾਈਬਲ ਕਾਲਜ ਚੇਨੰਈ ਦਾ ਵਿਦਿਆਰਥੀ ਸੀ। ਤੁਸੀਂ ਮਸੀਹ ਲਈ ਅਦਭੁੱਤ ਜਜ਼ਬੇ ਨਾਲ ਉਸ ਕਾਲਜ ਨੂੰ ਚਲਾਉਂਦੇ ਅਰ ਬੱਚਿਆਂ ਨੂੰ ਪੜ੍ਹਾਉਂਦੇ ਸੀ। ਮੈਂ ਉਸ ਵੇਲੇ 'ਧੀਨਾ ਥੰਥੀ' ਨਾਮਕ ਮਸ਼ਹੂਰ ਅਖ਼ਬਾਰ ਵਿੱਚ ਕੰਮ ਕਰਦਾ ਸੀ। ਇੱਕ ਦਿਨ ਤੁਸੀਂ ਪ੍ਰਭੂ ਯਿਸੂ ਮਸੀਹ ਲਈ ਕੰਮ ਕਰਨ ਦੀ ਉੱਤਮਤਾ ਬਾਰੇ ਸਿਖਾ ਰਹੇ ਸੀ ਅਤੇ ਤੁਹਾਡੇ ਜੀਵਨ ਵਿੱਚੋਂ ਇਹ ਵੀ ਦੱਸ ਰਹੇ ਸੀ ਕਿ ਤੁਹਾਨੂੰ ਪ੍ਰਮੇਸ਼ਵਰ ਨੇ ਕਿਵੇਂ ਉਸ ਵੇਲੇ ਸੇਵਕਾਈ ਲਈ ਬੁਲਾਇਆ ਜਦੋਂ ਤੁਸੀਂ ਇੱਕ ਚੰਗੀ ਸਰਕਾਰੀ ਨੌਕਰੀ

**Our Ministries:** ECHO OF HIS CALL Monthly Magazines (16 languages) BIBLECOR - Postal Courses (3 languages) Theological Correspondence Courses (2 languages) Church Planting Nehemiah Bible Colleges Gospel Printing Press Great Commission Partners Village English High School Crusades 100 Prayer Warriors Community Development

ਕਰਦੇ ਸੀ ਅਤੇ ਫਿਰ ਕਿਵੇਂ ਪ੍ਰਭੂ ਯਿਸੂ ਮਸੀਹ ਨੇ ਸੇਵਕਾਈ ਵਿੱਚ ਤੁਹਾਨੂੰ ਇਸਤੇਮਾਲ ਅਰ ਜੀਵਨ ਵਿੱਚ ਸਫ਼ਲ ਕੀਤਾ। ਪ੍ਰਮੇਸ਼ਵਰ ਨੇ ਉਸ ਵੇਲੇ ਮੇਰੇ ਹਿਰਦੇ ਨਾਲ ਗੱਲ ਕੀਤੀ ਅਰ ਮੈਨੂੰ ਵੀ ਪੂਰਾ ਸਮਾਂ ਉਸਦੀ ਸੇਵਕਾਈ ਲਈ ਬੁਲਾਇਆ। ਉਸੇ ਬੁਲਾਹਟ ਅਨੁਸਾਰ ਮੈਂ ਵੀ ਆਪਣੀ ਡਿਗਰੀ ਪੂਰੀ ਕੀਤੀ ਅਤੇ ਆਪਣੀ ਸੰਸਾਰਕ ਨੌਕਰੀ ਨੂੰ ਛੱਡਕੇ ਪੂਰਾ ਸਮਾਂ ਪ੍ਰਭੂ ਯਿਸੂ ਦੀ ਸੇਵਕਾਈ ਲਈ ਨਿਕਲ ਪਿਆ। ਹੁਣ ਪ੍ਰਭੂ ਨੇ ਮੈਨੂੰ ਬਰਕਤ ਦਿੱਤੀ ਹੈ ਅਤੇ ਮੈਨੂੰ ਇੱਕ ਸੀਨਿਅਰ ਪਾਸਟਰ ਬਣਾਇਆ ਹੈ। ਉਸਨੇ ਮੈਨੂੰ ਸਭ ਕੁਝ-ਚਰਚ, ਘਰ, ਗੱਡੀਆਂ ਦਿੱਤੀਆਂ ਹਨ ਅਤੇ ਉਹ ਮੇਰੀਆਂ ਸਭ ਲੋੜਾਂ ਨੂੰ ਪੂਰਾ ਕਰਦਾ ਹੈ। ਮੈਂ ਆਪਣੀ ਪਤਨੀ ਅਤੇ ਬੇਟੀ ਨਾਲ ਮਿਲ ਕੇ ਪੂਰਾ ਸਮਾਂ ਸੇਵਕਾਈ ਕਰਦਾ ਹਾਂ! ਮੈਂ ਨਹਮਯਾਹ ਬਾਈਬਲ ਕਾਲਜ ਦੀ ਸੇਵਕਾਈ ਲਈ ਪ੍ਰਭੂ ਦਾ ਧੰਨਵਾਦ ਕਰਦਾ ਹਾਂ!!

ਦੂਸਰਾ, ਤੁਸੀਂ ਸਾਡੇ ਬੇਸਿਕ ਬਾਈਬਲ ਕੋਰੈਸਪਾਂਡੈਂਸ ਕੋਰਸ-ਬਾਈਬਲਕੋਰ ਬਾਰੇ ਜਾਣਦੇ ਹੀ ਹੋ।1980 ਤੋਂ ਇਸ ਕੋਰਸ ਵਿੱਚ ਅਸੀਂ 'ਤੁਹਾਡੇ ਲਈ ਨਵਾਂ ਜੀਵਨ' ਨਾਮਕ ਇੱਕ ਅਦਭੁੱਤ ਕਿਤਾਬ ਦਾ ਇਸਤੇਮਾਲ ਕਰਦੇ ਹਾਂ ਜੋ ਕਿ ਅੰਗ੍ਰੇਜੀ, ਤਾਮਿਲ ਅਤੇ ਹਿੰਦੀ ਭਾਸ਼ਾਵਾਂ ਵਿੱਚ ਹੈ। ਭਾਰਤ ਅਤੇ ਗਵਾਂਢੀ ਦੇਸ਼ਾਂ ਦੇ ਬਹੁਤ ਸਾਰੇ ਲੋਕ ਇਸ ਕੋਰਸ ਰਾਹੀਂ ਬਰਕਤ ਪਾ ਚੁੱਕੇ ਹਨ। ਸਫ਼ਲ ਵਿਦਿਆਰਥੀਆਂ ਨੂੰ ਅਸੀਂ ਸਰਟੀਫ਼ਿਕੇਟ ਦਿੰਦੇ ਹਾਂ। ਸੰਪ੍ਰਦਾਵਾਂ ਅਤੇ ਉਮਰ ਦੇ ਵਿਚਾਰ ਨੂੰ ਲਾਂਭੇ ਕਰਦੇ ਹੋਏ ਹਜ਼ਾਰਾਂ ਉਮੀਦਵਾਰ ਇਸ ਕੋਰਸ ਨੂੰ ਪੂਰਾ ਕਰ ਚੁੱਕੇ ਹਨ।ਆਂਧਰਾ ਪ੍ਰਦੇਸ਼ ਤੋਂ ਭੈਣ ਅੰਨਪੂਰਨਾ ਨਾਮਕ ਸਾਡੀ ਇੱਕ ਵਿਦਿਆਰਥਣ ਦੁਆਰਾ ਸਾਨੂੰ ਲਿਖੀ ਚਿੱਠੀ ਨੂੰ ਬਿਨਾਂ ਕੋਈ ਬਦਲਾਅ ਕੀਤੇ ਇੱਥੇ ਪ੍ਰਕਾਸ਼ਿਤ ਕਰ ਰਹੇ ਹਾਂ:

ਮਸੀਹ ਵਿੱਚ ਪਿਆਰੇ ਭਰਾ ਜੀ,

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸ਼ੁੱਭ ਇੱਛਾਵਾਂ। ਮੇਰਾ ਨਾਮ ਐੱਮ. ਅੰਨਪੂਰਨਾ ਹੈ। ਮੈਨੂੰ "ਬਾਈਬਲਕੋਰ", "ਤੁਹਾਡੇ ਲਈ ਨਵਾਂ ਜਨਮ" ਪ੍ਰਾਪਤ ਹੋ ਗਿਆ ਹੈ, ਇਸ ਬਾਈਬਲ ਕੋਰਸ ਨੂੰ ਪ੍ਰਾਪਤ ਕਰਕੇ ਮੈਂ ਬਹੁਤ ਅਨੰਦਤ ਹਾਂ। ਇਹ ਬਹੁਤ ਲਾਹੇਵੰਦ ਹੈ, ਇਸ ਕਿਤਾਬ ਦੇ ਸ਼ਬਦ ਅਤੇ ਵਾਕ ਸਮਝਣ ਲਈ ਬਹੁਤ ਸਰਲ ਹਨ ਅਤੇ ਬਾਈਬਲ ਨੂੰ ਸਮਝਣ ਲਈ ਲਾਭਕਾਰੀ ਹਨ।



ਇਸ ਕੋਰਸ ਨੂੰ ਕਰਕੇ ਮੈਂ ਬਹੁਤ ਖੁਸ਼ ਹਾਂ। ਮੈਂ ਇਹ ਜਾਣਿਆਂ ਹੈ ਕਿ ਇੱਕ ਸੱਚੇ ਮਸੀਹੀ ਦਾ ਵਿਹਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ। ਮੈਂ ਇਨ੍ਹਾਂ ਸੱਚਾਈਆਂ ਨੂੰ ਹਰ ਵੇਲੇ ਮਨ ਵਿੱਚ ਰੱਖਦੀ ਹਾਂ ਕਿ ਉਨ੍ਹਾਂ ਨੂੰ ਪੂਰਾ ਕਰ ਸਕਾਂ। ਮੈਂ ਵੱਡੇ ਅਨੰਦ ਨਾਲ ਇਸ ਕੋਰਸ ਨੂੰ ਪੂਰਾ ਕੀਤਾ ਹੈ। ਮੈਂ ਇਸ ਪੱਤਰ ਦੇ ਨਾਲ ਆਪਣੀਆਂ ਉੱਤਰ ਸ਼ੀਟਾਂ ਵੀ ਭੇਜ ਰਹੀ ਹਾਂ। ਇਸ ਕੋਰਸ ਨੂੰ ਕਰਕੇ ਮੈਨੂੰ ਬਹੁਤ ਬਰਕਤ ਮਿਲੀ ਹੈ। ਮੈਨੂੰ ਇਹ ਕੋਰਸ ਭੇਜਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।

ਮੈਨੂੰ "ਵਾਅਦਾ ਕਾਰਡ" ਅਤੇ "ਬਾਈਬਲ ਪਾਠ ਪਲਾਨ"(2020) ਸਮੇਤ ਤੁਹਾਡੀ ਚਿੱਠੀ ਮਿਲ ਗਈ ਹੈ। ਇਨ੍ਹਾਂ ਨੂੰ ਪ੍ਰਾਪਤ ਕਰਕੇ ਮੈਂ ਬਹੁਤ ਖੁਸ਼ ਹਾਂ। ਇਸ ਲਿਟ੍ਰੇਚਰ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।

ਇਸ ਸਾਲ ਤੋਂ ਮੈਂ ਹਰ ਮਹੀਨੇ ਤੁਹਾਨੂੰ 200/-ਰੁ: ਭੇਜਾਂਗੀ। ਕਿਰਪਾ ਕਰਕੇ ਇਸਨੂੰ ਆਪਣੀ ਚਰਚ ਸੇਵਕਾਈ ਲਈ ਇਸਤੇਮਾਲ ਕਰੋ। ਮੈਂ 200/-ਰੁ: ਮਨੀ ਆਡਰ ਰਾਹੀਂ ਭੇਜ ਰਹੀ ਹਾਂ। ਕਿਰਪਾ ਕਰਕੇ ਪ੍ਰਾਪਤ ਕਰ ਲੈਣਾ।

ਮੇਰੇ ਅਤੇ ਮੇਰੇ ਪਰਿਵਾਰ ਲਈ ਭੇਜੀਆਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਸ਼ੁੱਭਇੱਛਾਵਾਂ ਲਈ ਧੰਨਵਾਦ। ਤੁਹਾਡੀਆਂ ਪ੍ਰਾਰਥਨਾਵਾਂ ਲਈ ਧੰਨਵਾਦ। ਮੇਰੇ ਵੱਲੋਂ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ। ਪ੍ਰਮੇਸ਼ਵਰ ਤੁਹਾਨੂੰ, ਪਰਿਵਾਰ ਨੂੰ ਅਤੇ ਸੇਵਕਾਈ ਨੂੰ ਹਰ ਪਾਸਿਓਂ ਭਰਪੂਰੀ ਨਾਲ ਬਰਕਤ ਦੇਵੇ।

ਇੱਕ ਵਾਰ ਫਿਰ ਮੈਰੀ ਕ੍ਰਿਸਮਸ ਅਤੇ ਹੈਪੀ ਨਿਊ ਯੀਅਰ। ਪ੍ਰਾਰਥਨਾ ਕਰੋ ਕਿ ਮੈਨੂੰ ਵਿਆਹ ਲਈ ਚੰਗਾ ਜੀਵਨ ਸਾਥੀ ਮਿਲੇ।

ਅਸੀਂ ਵੀ ਤੁਹਾਡੇ ਅਤੇ ਤੁਹਾਡੀ ਸੇਵਕਾਈ ਲਈ ਪ੍ਰਾਰਥਨਾ ਕਰਾਂਗੇ। ਅਸੀਂ ਤੁਹਾਨੂੰ ਪਿਆਰ ਕਰਦੇ ਹਾਂ ਅਤੇ ਤੁਹਾਡੇ ਧੰਨਵਾਦੀ ਹਾਂ।

ਐੱਮ. ਅੰਨਪੂਰਨਾ

ਤੀਸਰਾ, ਅਸੀਂ ਬ੍ਰ. ਮੋਹਨਦਾਸ ਬੇਸਲ ਨਾਮਕ ਇੱਕ ਬਜ਼ੁਰਗ ਵਿਦਵਾਨ ਨਾਲ ਤੁਹਾਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ ਜੋ ਕਿ ਦੱਖਣੀ ਭਾਰਤ ਦੇ ਹੀ ਕੇਰਲ ਰਾਜ ਦੇ ਵਸਨੀਕ ਹਨ ਅਤੇ ਨਹਮਯਾਹ ਬਾਈਬਲ ਕਾਲਜ ਵਿੱਚ ਹੀ ਥਿਆਲੋਜੀਕਲ ਪੱਤਰ ਵਿਹਾਰ ਕੋਰਸ ਕਰ ਚੁੱਕੇ ਹਨ। ਹਾਲ ਹੀ ਵਿੱਚ ਉਨ੍ਹਾਂ ਵੱਲੋਂ ਮਿਲੀ ਚਿੱਠੀ ਨੂੰ ਅਸੀਂ ਇੱਥੇ ਪ੍ਰਕਾਸ਼ਿਤ ਕਰ ਰਹੇ ਹਾਂ:

ਮੈਂ 'ਬੁਲਾਵੇ ਦੀ ਗੂੰਜ' ਸੇਵਕਾਈ ਅਧੀਨ ਚੱਲਦੇ 'ਨਹਮਯਾਹ ਬਾਈਬਲ ਕਾਲਜ' ਚੇਨੰਈ ਰਾਹੀਂ ਆਪਣੇ ਥਿਆਲੋਜੀਕਲ ਬਾਈਬਲ ਪੱਤਰ-ਵਿਹਾਰ ਕੋਰਸ ਨਾਲ ਜੁੜਿਆ। ਸੱਚਮੁਚ ਇਹ ਮੇਰੇ ਹਿਰਦੇ ਵਿੱਚ ਇੱਕ ਚਿੰਗਾਰੀ ਵਾਂਗ ਸੀ। ਇਸ ਕੋਰਸ ਦੇ ਰਾਹੀਂ ਮੇਰੇ ਅੰਦਰ ਬਾਈਬਲ ਦਾ ਵੱਧ ਤੋਂ ਵੱਧ ਅਧਿਐਨ ਕਰਨ ਦੀ ਇੱਛਾ ਪੈਦਾ ਹੋਈ। ਮੈਂ ਇੱਕ ਇੱਕ ਕਰਕੇ ਸੱਤਾਂ ਕਿਤਾਬਾਂ ਨੂੰ ਪੜ੍ਹਨਾ ਸ਼ੁਰੂ ਕੀਤਾ। ਮੈਂ ਇਹ ਮਹਿਸੂਸ ਕੀਤਾ ਕਿ ਗਿਆਨ ਹਾਸਲ ਕਰਨ ਲਈ ਮੈਨੂੰ ਕੋਈ ਨਵਾਂ ਜਨਮ ਲੈਣ ਦੀ ਲੋੜ ਨਹੀਂ। ਪਾਠਕ੍ਰਮ ਦੀ ਛੇਵੀਂ ਕਿਤਾਬ ਰਾਹੀਂ ਮੈਨੂੰ ਅਦਭੁੱਤ ਪ੍ਰਕਾਸ਼ਨ ਅਤੇ ਬਾਈਬਲ ਦਾ ਗਿਆਨ ਪ੍ਰਾਪਤ ਹੋਇਆ। ਜਿਸਨੇ ਮੈਨੂੰ ਨਵੀਂ ਸੇਧ ਅਤੇ ਨਵਾਂ ਜੀਵਨ ਦਿੱਤਾ। ਵਿਸ਼ੇਸ਼ ਤੌਰ ਤੇ ਇਸ ਕੋਰਸ ਨੇ ਥਿਆਲੋਜੀ ਦੇ ਬਾਰੇ ਮੈਨੂੰ ਨਵੀਂ ਵਿਚਾਰਧਾਰਾ ਦਿੱਤੀ ਅਰ ਮੇਰੀ ਪੁਰਾਣੀ ਵਿਚਾਰਧਾਰਾ ਨੂੰ ਬਦਲ ਦਿੱਤਾ।



ਪਾਠਕ੍ਰਮ ਦੀ ਆਖਰੀ, ਸੱਤਵੀ ਕਿਤਾਬ ਨੇ, ਜੋ ਕਿ ਕਲੀਸਿਆ ਬਾਰੇ ਸੀ ਮੈਨੂੰ ਵਿਆਖਿਆ ਅਰ ਪ੍ਰਚਾਰ ਦਾ ਅਦਭੁੱਤ ਗਿਆਨ ਦਿੱਤਾ। ਇਸ ਕਰਕੇ ਮੈਂ ਆਪਣੇ ਪ੍ਰਭੂ ਦੀ ਵਡਿਆਈ ਕਰਦਾ ਹਾਂ ਅਤੇ ਮੈਂ ਨਹਮਯਾਹ ਬਾਈਬਲ ਕਾਲਜ ਅਤੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੁਆਰਾ ਚਲਾਏ ਇਸ ਥਿਆਲੋਜੀਕਲ ਕੋਰਸ ਲਈ ਵੀ ਪ੍ਰਮੇਸ਼ਵਰ ਦਾ ਤਹਿ-ਦਿਲੋਂ ਧੰਨਵਾਦ ਕਰਦਾ ਹਾਂ। ਇਸ ਕੋਰਸ ਨੇ ਪ੍ਰਮੇਸ਼ਵਰ ਦੇ ਕਲਾਮ ਦੀ ਸਹੀ ਸਮਝ ਮੈਨੂੰ ਦਿੱਤੀ ਅਰ ਜੀਵਨ ਵਿੱਚ ਮੇਰਾ ਸਹੀ ਮਾਰਗ ਦਰਸ਼ਨ ਕੀਤਾ ਹੈ।

ਵਿਸ਼ੇਸ਼ ਤੌਰ ਤੇ ਇਸ ਸੇਵਕਾਈ ਦੇ ਡਾਇਰੈਕਟਰ ਪਾ: ਐੱਸ ਸੈਮ ਸੇਲਵਾ ਰਾਜ ਨੇ ਮੇਰੀ ਬਹੁਤ ਸਹਾਇਤਾ ਕੀਤੀ ਅਰ ਮੈਨੂੰ ਉਤਸਾਹਿਤ ਕੀਤਾ ਅਤੇ ਜਦੋਂ ਮੈਂ ਦਸੰਬਰ 2019 ਵਿੱਚ ਇਸ ਸੇਵਕਾਈ ਨੂੰ ਵੇਖਣ ਲਈ ਗਿਆ ਤਾਂ ਉਨ੍ਹਾਂ ਨੇ ਆਪਣੀ ਜੀਵਨ ਸ਼ੈਲੀ ਦੁਆਰਾ ਮੈਨੂੰ ਵਿਖਾਇਆ ਕਿ ਚਰਚ ਵਿੱਚ ਇੱਕ ਸੱਚਾ ਲੀਡਰ ਕਿਹੋ ਜਿਹਾ ਹੁੰਦਾ ਹੈ। ਇਸ ਸਾਰੇ ਸਮੇਂ ਦੌਰਾਨ ਮੇਰਾ ਸੁਪਨਾ ਸੱਚ ਹੋਇਆ, ਮੇਰੀ ਆਤਮਾ ਆਨੰਦਤ ਹੋਈ ਅਤੇ ਮੈਂ ਪ੍ਰਮੇਸ਼ਵਰ ਦੇ ਲੇਲੇ ਲਈ ਹਾਲੇਲੂਯਾਹ ਕਰਦਾ ਰਿਹਾ। ਪਾਸਟਰ ਸੈਮ ਨੇ ਮੈਨੂੰ ਸਭ ਅਰਾਧਨਾਵਾਂ, ਆਗੂਆਂ ਨਾਲ ਜੁੜਨ ਦੀ ਅਨੁਮਤੀ ਦਿੱਤੀ ਅਤੇ ਆਪਣੇ ਪਿਆਰ ਅਤੇ ਦੇਖਭਾਲ ਦੁਆਰਾ ਵੀ ਉਤਸਾਹਿਤ ਕੀਤਾ।ਪ੍ਰਮੇਸ਼ਵਰ ਦੇ ਰਾਜ ਨੂੰ ਫ਼ੈਲਾਉਣ ਲਈ ਉਹ ਅਦਭੁੱਤ ਸੇਵਕਾਈ ਕਰ ਰਹੇ ਹਨ। ਮੈਂ ਕਿਵੇਂ ਪ੍ਰਮੇਸ਼ਵਰ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਵਫ਼ਾਦਾਰੀ ਨੂੰ ਬਿਆਨ ਕਰਾਂ। ਮੇਰੀ ਉਸ ਮੁਲਾਕਾਤ ਨੇ ਮੈਨੂੰ ਅਦਭੁੱਤ ਤਾਕਤ ਅਤੇ ਬੁੱਧੀ ਦਿੱਤੀ। ਬੁਲਾਵੇ ਦੀ ਗੂੰਜ ਸੇਵਕਾਈ ਅਤੇ ਪਾਸਟਰ ਸੈਮ ਸੇਲਵਾ ਰਾਜ ਪ੍ਰਮੇਸ਼ਵਰ ਦੇ ਰਾਜ ਨੂੰ ਫ਼ੈਲਾਉਣ ਦੀ ਉੱਤਮ ਉਦਾਹਰਨ ਹਨ।

ਮੈਂ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੀ ਟੀਮ ਨੂੰ ਸ਼ੁੱਭ ਇੱਛਾਵਾਂ ਦਿੰਦਾ ਹਾਂ ਅਤੇ ਪ੍ਰਾਰਥਨਾ ਕਰਦਾ ਹਾਂ ਕਿ ਪ੍ਰਭੂ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਹਾਈ ਸਕੂਲ, ਬਾਈਬਲ ਕਾਲਜ ਆਦਿ ਸਭ ਪ੍ਰਕਾਰ ਦੀਆਂ

ਸੇਵਕਾਈਆਂ ਨੂੰ ਸਭ ਬਰਕਤਾਂ ਦੇਵੇ।

ਬਹੁਤ ਸਾਰੇ ਪਿਆਰ ਅਰ ਪ੍ਰਾਰਥਨਾਵਾਂ ਸਹਿਤ।

ਮੋਹਨਦਾਸ ਬੇਸਲ ਪੀ.

ਪ੍ਰਮੇਸ਼ਵਰ ਨੇ ਸਾਡੀ ਮਦਦ ਕੀਤੀ ਕਿ ਅਸੀਂ 25 ਜਨਵਰੀ, 2020 ਨੂੰ ਆਪਣੇ ਮੁੱਖ ਚਰਚ ਦੇ ਸਭ ਮੈਂਬਰਾਂ ਨਾਲ ਪੜੱਪਾਈ, ਨਾਮਕ ਜਗ੍ਹਾ ਤੇ ਜਾ ਕੇ ਡੇਰਿਆਂ ਦਾ ਪਰਬ ਮਨਾ ਸਕੇ।

ਪਿਆਰਿਓ, ਇਸ ਲੰਬੇ ਸੰਪਾਦਕੀ ਕਾਲਮ ਨੂੰ ਪੜ੍ਹਨ ਲਈ ਤੁਹਾਡਾ ਧੰਨਵਾਦ। ਪ੍ਰਮੇਸ਼ਵਰ ਸਾਨੂੰ ਬਰਕਤ ਦੇ ਰਿਹਾ ਹੈ ਅਰ ਬੇ-ਬਿਆਨ ਢੰਗ ਨਾਲ ਇਸਤੇਮਾਲ ਕਰ ਰਿਹਾ ਹੈ। ਕਿਰਪਾ ਕਰਕੇ ਸਾਡੇ ਸਭ ਸਹਾਇਕਾਂ, ਸਹਾਇਕ ਸੰਪਾਦਕਾਂ, ਪ੍ਰਾਰਥਨਾ ਸਹਿਭਾਗੀਆਂ, ਜੀਵਨ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਮਹਾਂ-ਆਦੇਸ਼ ਸਹਿਭਾਗੀਆਂ, ਪਾਸਬਾਨਾਂ, ਮਿਸ਼ਨਰੀਆਂ, ਸਕੂਲ ਸਟਾਫ ਮੈਂਬਰਾਂ, ਬਾਈਬਲ ਕਾਲਜ ਦੇ ਸਟਾਫ ਮੈਂਬਰਾਂ, ਦਫ਼ਤਰੀ ਸਟਾਫ, ਛਾਪੇਖਾਨੇ ਦੇ ਪਰਿਵਾਰ ਦੇ ਮੈਂਬਰਾਂ ਆਦਿ ਲਈ ਪ੍ਰਾਰਥਨਾ ਕਰੋ ਜੋ ਸੇਵਕਾਈ ਦੇ 51ਵੇਂ ਸਾਲ ਵਿੱਚ ਬੁਲਾਵੇ ਦੀ ਗੂੰਜ ਦੀਆਂ ਸਭ ਗਤੀਵਿਧੀਆਂ ਨੂੰ ਆਪਣੇ ਮੋਢਿਆਂ ਉੱਪਰ ਚੁੱਕ ਕੇ ਕੰਮ ਕਰ ਰਹੇ ਹਨ।

ਅਸੀਂ 1 ਮਈ, 2020 ਨੂੰ ਪ੍ਰਾਰਥਨਾ ਦਿਵਸ ਵੱਜੋਂ, ਵਿਸ਼ੇਸ਼ ਤੌਰ ਤੇ ਬੁਲਾਵੇ ਦੀ ਗੂੰਜ ਸੇਵਕਾਈਆਂ ਅਰ ਉਸ ਨਾਲ ਜੁੜੇ ਸੰਸਾਰ ਭਰ ਦੇ ਸਭ ਸਹਾਇਕਾਂ ਲਈ ਪ੍ਰਾਰਥਨਾ ਕਰਨ ਦੇ ਦਿਨ ਵੱਜੋਂ ਨਿਯੁਕਤ ਕੀਤਾ ਹੈ। ਉਸ ਦਿਨ ਚੇਨੱਈ ਸਥਿਤ ਸਾਡੇ ਮੁੱਖ ਚਰਚ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਵਿਸ਼ੇਸ਼ ਪ੍ਰਾਰਥਨਾ ਸਭਾ ਹੋਵੇਗੀ; ਅਸੀਂ ਸੰਸਾਰ ਭਰ ਵਿੱਚ ਵੱਸਦੇ ਆਪਣੇ ਸਭ ਸਹਿਭਾਗੀਆਂ ਅਤੇ ਮਿੱਤਰਾਂ ਅੱਗੇ ਵੀ ਬੇਨਤੀ ਕਰਦੇ ਹਾਂ ਕਿ ਉਹ ਵੀ ਇਸ ਦਿਨ ਨੂੰ ਬੁਲਾਵੇ ਦੀ ਗੂੰਜ ਅਰ ਅਜਿਹੀਆਂ ਹੋਰ ਸੇਵਕਾਈਆਂ ਲਈ ਪ੍ਰਾਰਥਨਾ ਕਰਨ ਦੇ ਦਿਵਸ ਵੱਜੋਂ ਮਨਾਉਣ। ਅਸੀਂ ਲੋੜਵੰਦ ਮਿੱਤਰਾਂ, ਸੰਸਥਾਵਾਂ ਅਤੇ ਕਲੀਸਿਆਵਾਂ ਨੂੰ ਪ੍ਰਾਰਥਨਾ ਦੇ ਬਿੰਦੂ ਭੇਜਾਂਗੇ। ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ!

ਮਸੀਹ ਵਿੱਚ ਤੁਹਾਡਾ ਸੇਵਕ,
ਐੱਸ. ਸੈਮ ਸੇਲਵਾ ਰਾਜ।

---

(ਚਲਦਾ ਸਫਾ 1 ਤੋਂ)

ਇੱਕ ਅਦਭੁੱਤ ਸ਼ਾਂਤੀ, ਇੱਕ ਵਿਸਰਾਮ ਹੋਵਗਾ ਅਰ ਹਰ ਕੋਈ ਉੱਥੋਂ ਲੰਘਣ ਵਾਲਾ ਇਸਨੂੰ ਮਹਿਸੂਸ ਕਰੇਗਾ!

ਇਸਦਾ ਅਰਥ ਇਹ ਨਹੀਂ ਕਿ ਚਰਚ ਵਿੱਚ ਉੱਚੀ ਅਵਾਜ਼ ਵਿੱਚ ਸ਼ੁਕਰਗੁਜ਼ਾਰੀ ਜਾਂ ਅਰਾਧਨਾ ਨਹੀਂ ਹੋਣੀ ਚਾਹੀਦੀ। ਬਲਕਿ ਮੈਂ ਤਾਂ ਇਹ ਮੰਨਦਾ ਹਾਂ ਕਿ ਵਿਸਰਾਮ ਪਾਏ ਹੋਏ ਲੋਕ ਹੀ ਅਜਿਹਾ ਕਰ ਸਕਦੇ ਹਨ। ਇੱਕ ਕਲੀਸਿਆ ਜਿਸ ਵਿੱਚ ਪ੍ਰਮੇਸ਼ਵਰ ਦੀ ਹਜ਼ੂਰੀ ਹੈ, ਉਹ ਜੀਵਿਤ, ਕੁੱਦਣ ਵਾਲੀ ਅਤੇ ਸਦਾ ਪ੍ਰਮੇਸ਼ਵਰ ਦੀ ਹਜ਼ੂਰੀ ਵਿੱਚ ਦਲੇਰੀ ਨਾਲ ਅਰਾਧਨਾ ਕਰਨ ਵਾਲੀ ਹੁੰਦੀ ਹੈ।

ਇਹੀ ਗੱਲ ਹਰੇਕ ਮਸੀਹੀ ਲਈ ਸੱਚ ਹੈ। ਜੇਕਰ ਤੁਹਾਡੇ ਜੀਵਨ ਵਿੱਚ ਪ੍ਰਭੂ ਯਿਸੂ ਦੀ ਮੌਜੂਦਗੀ ਹੈ ਤਾਂ ਤੁਸੀਂ ਪ੍ਰਮੇਸ਼ਵਰ ਦੀ ਤਰਤੀਬ ਅਨੁਸਾਰ ਚੱਲੋਗੇ। ਤੁਹਾਡੇ ਅੰਦਰ ਸ਼ਾਂਤੀ ਅਤੇ ਸੁਕੂਨ ਹੋਵੇਗਾ, ਕੋਈ ਡਰ ਜਾਂ ਚਿੰਤਾ ਨਹੀਂ ਹੋਵੇਗੀ, ਮਦਦ ਲੱਭਣ ਲਈ ਇੱਧਰ ਉੱਧਰ ਨੱਸਣਾ ਨਹੀਂ ਪਵੇਗਾ, ਕਦੀ ਇਹ ਨਹੀਂ ਲੱਗੇਗਾ ਕਿ ਜ਼ਮੀਨ ਪੈਰਾਂ ਹੇਠੋਂ ਨਿਕਲ ਰਹੀ ਹੈ। ਤੁਸੀਂ ਇਹ ਜਾਣਦੇ ਹੋਏ ਕਿ ਸਭ ਕੁਝ ਪ੍ਰਮੇਸ਼ਵਰ ਦੇ ਕੰਟਰੋਲ ਵਿੱਚ ਹੈ, ਚੈਨ ਨਾਲ ਰਹੋਗੇ!

ਪੁਰਾਣੇ ਨੇਮ ਦੀਆਂ ਇਨ੍ਹਾਂ ਉਦਾਹਰਨਾਂ ਨੂੰ ਵੇਖੋ ਜਦੋਂ ਪ੍ਰਮੇਸ਼ਵਰ ਦੀ ਹਜ਼ੂਰੀ ਉਸ ਮਗਰ ਚੱਲਣ ਵਾਲਿਆਂ ਲਈ ਬਰਕਤਾਂ ਨੂੰ ਲੈ ਕੇ ਆਈ:

ਪ੍ਰਮੇਸ਼ਵਰ ਦੀ ਹਜ਼ੂਰੀ ਅਬਰਾਹਾਮ ਦੇ ਨਾਲ ਇੰਨੀ ਪ੍ਰਤੱਖ ਸੀ ਕਿ ਉਸ ਦੁਆਲੇ ਰਹਿਣ ਵਾਲੇ ਗੈਰ-ਕੌਮ ਲੋਕ ਵੀ ਉਨ੍ਹਾਂ ਦੇ ਅਰ ਅਬਰਾਹਾਮ ਦੇ ਜੀਵਨ ਵਿੱਚ ਅੰਤਰ ਨੂੰ ਮਹਿਸੂਸ ਕਰਦੇ ਸਨ: "...ਅਬੀਮਲਕ...ਨੇ ਅਬਰਾਹਾਮ ਨੂੰ ਆਖਿਆ, ਕਿ ਜੋ ਕੁਝ ਤੂੰ ਕਰਦਾ ਹੈਂ ਪ੍ਰਮੇਸ਼ਵਰ ਤੇਰੇ ਸੰਗ ਹੈ"(ਉਤਪਤ 21:22)। ਇਹ ਗੈਰ-ਕੌਮ ਬਾਦਸ਼ਾਹ ਆਖ ਰਿਹਾ ਸੀ, "ਅਬਰਾਹਾਮ ਤੇਰੇ ਜੀਵਨ ਵਿੱਚ ਕੁਝ ਅਲੱਗਤਾਈ ਹੈ: ਪ੍ਰਮੇਸ਼ਵਰ ਤੇਰੀ ਅਗਵਾਈ ਕਰਦਾ ਹੈ, ਤੈਨੂੰ ਸੰਭਾਲਦਾ ਹੈ ਅਤੇ ਜਿੱਥੇ ਵੀ ਤੂੰ ਜਾਵੇਂ ਤੈਨੂੰ ਬਰਕਤ ਦਿੰਦਾ ਹੈ!"

- ਪ੍ਰਮੇਸ਼ਵਰ ਨੇ ਯਹੋਸ਼ੁਆ ਨਾਲ ਵਾਅਦਾ ਕੀਤਾ ਕਿ ਮੇਰੀ ਹਜ਼ੂਰੀ ਕਰਕੇ ਕੋਈ ਵੀ ਤੇਰੇ ਅੱਗੇ ਖਲੋ ਨਹੀਂ ਸਕੇਗਾ: "ਤੇਰੀ ਸਾਰੀ ਅਵਸਥਾ ਵਿੱਚ ਕੋਈ ਮਨੁੱਖ ਤੇਰੇ ਸਾਹਮਣੇ ਨਾ ਅਕੜੇਗਾ; ਜਿਵੇਂ ਮੈਂ ਮੂਸਾ ਦੇ ਸੰਗ ਰਿਹਾ ਤਿਵੇਂ ਤੇਰੇ ਸੰਗ ਵੀ ਰਹਾਂਗਾ; ਮੈਂ ਤੈਨੂੰ ਨਹੀਂ ਛੱਡਾਂਗਾ ਅਰ ਨਾ ਤਿਆਗਾਗਾਂ। ਤਕੜਾ ਹੋ ਅਤੇ ਹੌਂਸਲਾ ਰੱਖ..." (ਯਹੋਸ਼ੁਆ 1:5,6)। ਜਦੋਂ ਪ੍ਰਮੇਸ਼ਵਰ ਦਾ ਆਤਮਾ ਸਾਡੇ ਨਾਲ ਹੈ ਤਾਂ ਅਸੀਂ ਮਜਬੂਤ ਅਤੇ ਦਲੇਰ ਹੁੰਦੇ ਹਾਂ- ਕਿਉਂਕਿ ਕੋਈ ਵੀ ਦੁਸ਼ਮਣ ਸਾਡਾ ਨੁਕਸਾਨ ਨਹੀਂ ਕਰ ਸਕਦਾ!
- ਪ੍ਰਮੇਸ਼ਵਰ ਨੇ ਗਿਦਾਊਨ ਨੂੰ ਕਿਹਾ,"...ਹੇ ਤਕੜੇ ਯਹੋਵਾਹ ਤੇਰੇ ਨਾਲ ਹੈ...ਤੂੰ ਆਪਣੇ ਇਸੇ ਬਲ ਨਾਲ ਜਾਹ ਅਤੇ ਤੂੰ ਇਸਰਾਏਲ ਨੂੰ ਮਿਦਯਾਨੀਆਂ ਦੇ ਹੱਥੋਂ ਛੁਡਾ...(ਨਿਆਈਆਂ 6:12,14)। ਕਥਨ, "ਆਪਣੇ ਇਸੇ ਬਲ" ਨਾਲ ਪਿਛਲੀ ਆਇਤ ਦੇ ਕਥਨ "ਯਹੋਵਾਹ ਤੇਰੇ ਨਾਲ ਹੈ" ਨਾਲ ਜੁੜਿਆ ਹੋਇਆ ਹੈ।ਪ੍ਰਮੇਸ਼ਵਰ ਇੱਥੇ ਕੀ ਆਖ ਰਿਹਾ ਹੈ, "ਗਿਦਾਊਨ ਤੇਰੇ ਅੰਦਰ ਇੱਕ ਸ਼ਕਤੀਸ਼ਾਲੀ ਸਮਰੱਥ ਹੈ ਜਿਹੜੀ ਇਸਰਾਏਲ ਨੂੰ ਬਚਾ ਸਕਦੀ ਹੈ ਅਤੇ ਸਮਰੱਥ ਹੈ, ਮੇਰੀ ਹਜ਼ੂਰੀ!" ਬਾਈਬਲ ਅਨੁਸਾਰ ਗਿਦਾਊਨ ਇੱਕ ਡਰਪੋਕ ਮਨੁੱਖ ਸੀ ਤਾਂ ਫਿਰ ਪ੍ਰਮੇਸ਼ਵਰ ਨੇ ਉਸਨੂੰ "ਤਕੜਾ ਸੂਰਬੀਰ" ਕਿਉਂ ਕਿਹਾ? ਇਸ ਲਈ ਕਿ ਪ੍ਰਮੇਸ਼ਵਰ ਉਸਨੂੰ ਵਿਖਾਉਣਾ ਚਾਹੁੰਦਾ ਸੀ ਕਿ ਜਦੋਂ ਪ੍ਰਮੇਸ਼ਵਰ ਦੀ ਹਜ਼ੂਰੀ ਨਾਲ ਹੈ ਤਾਂ ਇੱਕ ਸਧਾਰਨ ਮਨੁੱਖ ਕੀ ਕੁਝ ਕਰ ਸਕਦਾ ਹੈ!
- ਪ੍ਰਮੇਸ਼ਵਰ ਨੇ ਯਿਰਮਿਯਾਹ ਨੂੰ ਚੇਤਾਵਨੀ ਦਿੱਤੀ ਕਿ ਸਮੁੱਚੀ ਕੌਮ ਤੇਰੇ ਵਿਰੁੱਧ ਹੋ ਜਾਵੇਗੀ ਅਰ ਤੇਰੀਆਂ ਨਬੂਵਤਾਂ ਨੂੰ ਨਾ ਮੰਨੇਗੀ। ਪਰੰਤੂ ਨਾਲ ਹੀ ਪ੍ਰਮੇਸ਼ਵਰ ਨੇ ਵਾਅਦਾ ਵੀ ਕੀਤਾ,"...ਉਹ ਤੇਰੇ ਨਾਲ ਲੜਨਗੇ ਪਰ ਤੈਨੂੰ ਜਿੱਤ ਨਾ ਸਕਣਗੇ, ਮੈਂ ਤੇਰੇ ਨਾਲ ਜੋ ਹਾਂ ਭਈ ਤੈਨੂੰ ਬਚਾਵਾਂ ਅਤੇ ਛੁਡਾਵਾਂ..." (ਯਿਰਮਿਯਾਹ 15:20)। ਪ੍ਰਮੇਸ਼ਵਰ ਆਖ ਰਿਹਾ ਸੀ, "ਇਸ ਗੱਲ ਨਾਲ ਫਰਕ ਨਹੀਂ ਪੈਂਦਾ ਕਿ ਸਾਰਾ ਦੇਸ਼ ਤੇਰੇ ਵਿਰੁੱਧ ਹੈ; ਫਰਕ ਇਸ ਗੱਲ ਨਾਲ ਪੈਂਦਾ ਹੈ ਕਿ ਮੈਂ ਤੇਰੇ ਨਾਲ ਹਾਂ। ਤਕੜਾ ਹੋ, ਮੈਂ ਤੇਰੇ ਨਾਲ ਹਾਂ!"
- ਪ੍ਰਮੇਸ਼ਵਰ ਨੇ ਯਸਾਯਾਹ ਨਾਲ ਉਹ ਵਾਅਦਾ ਕੀਤਾ ਜੋ ਉਹ ਆਪਣੇ ਪਿਆਰਿਆਂ ਨਾਲ ਕਰਦਾ ਹੈ: "ਨਾ ਡਰ, ਮੈਂ ਤੇਰਾ ਨਿਸਤਾਰਾ ਜੋ ਦਿੱਤਾ ਹੈ, ਮੈਂ ਤੇਰਾ ਨਾਂ ਲੈ ਕੇ ਤੈਨੂੰ ਜੋ ਬੁਲਾਇਆ ਹੈ, ਤੂੰ ਮੇਰਾ ਹੈਂ। ਜਦ ਤੂੰ ਪਾਣੀਆਂ ਦੇ ਵਿੱਚੋਂ ਲੰਘੇਂਗਾ, ਮੈਂ ਤੇਰੇ ਅੰਗ ਸੰਗ ਹੋਵਾਂਗਾ ਅਤੇ ਜਦ ਨਦੀਆਂ ਦੇ ਵਿੱਚੋਂ ਦੀ, ਉਹ ਤੈਨੂੰ ਨਾ ਡਬੋਣਗੀਆਂ, ਜਦ ਤੂੰ ਅੱਗ ਦੇ ਵਿੱਚੋਂ ਦੀ ਚੱਲੇਂਗਾ ਉਹ ਤੈਨੂੰ ਨਾ ਸਾੜੇਗੀ ਨਾ ਲਾਟ ਤੇਰੇ ਉੱਤੇ ਬਲੇਗੀ। ਮੈਂ ਤਾਂ ਯਹੋਵਾਹ ਤੇਰਾ ਪ੍ਰਮੇਸ਼ਵਰ ਹਾਂ...ਮੈਂ ਤੈਨੂੰ ਪਿਆਰ ਕੀਤਾ ਹੈ...ਨਾ ਡਰ, ਮੈਂ ਤੇਰੇ ਅੰਗ ਸੰਗ ਜੋ ਹਾਂ..."(ਯਸਾਯਾਹ 43:1-5)।

ਪ੍ਰਮੇਸ਼ਵਰ ਆਖ ਰਿਹਾ ਸੀ, "ਜਦੋਂ ਮੈਂ ਤੇਰੇ ਨਾਲ ਹਾਂ ਤਾਂ ਤੂੰ ਪਾਣੀਆਂ ਅਰ ਅੱਗਾਂ ਵਿੱਚ ਵੀ

(ਚਲਦਾ ਸਫਾ 6-)

The details of our Bank Accounts are given below. Please inform us the details of your remittances.

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 10232934679 |
| 2. ICICI BANK | Anna Salai, Chennai -2 | Echo of His Call | ICIC 0006038 | 603805022319 |

GREAT COMMISSION PARTNERS ECHO OF HIS CALL MINISTRIES SINCE 1969

## GREAT COMMISSION PARTNERS -ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2), SUPPORT (Romans 12:13) & SPEEDUP (II Timothy 1:6)
ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

### ਪ੍ਰਾਰਥਨਾ ਅਤੇ ਵਡਿਆਈ ਦੇ ਮੁੱਦੇ

## 19 ਮਾਰਚ 2020 ਤੋਂ 18 ਅਪ੍ਰੈਲ 2020 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!

### ਵਡਿਆਈ ਦੇ ਮੁੱਦੇ

19 ਮਾਰਚ: ਪ੍ਰਮੇਸ਼ਵਰ ਨੇ 28 ਜਨਵਰੀ ਨੂੰ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਵਿੱਚ ਆਯੋਜਿਤ ਸਾਡੇ ਖੇਡ ਦਿਵਸ ਨੂੰ ਬਰਕਤ ਦਿੱਤੀ।

20 ਮਾਰਚ: ਪ੍ਰਮੇਸ਼ਵਰ ਨੇ 1 ਫਰਵਰੀ ਨੂੰ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਵਿੱਚ ਆਯੋਜਿਤ ਸਾਡੇ ਸਲਾਨਾ ਦਿਵਸ ਦੇ ਪ੍ਰੋਗਰਾਮ ਨੂੰ ਬਰਕਤ ਦਿੱਤੀ।

21 ਮਾਰਚ: ਪ੍ਰਮੇਸ਼ਵਰ ਨੇ ਸਾਡੇ ਛਾਪੇਖਾਨੇ ਵਿੱਚ 16 ਭਾਸ਼ਾਵਾਂ ਵਿੱਚ ਛਪਦੇ ਸੁਸਮਾਚਾਰ ਲਿਟ੍ਰੇਚਰ ਨੂੰ ਬਰਕਤ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

22 ਮਾਰਚ: ਪ੍ਰਮੇਸ਼ਵਰ ਸੰਸਾਰ ਬੇਦਾਰੀ ਲਈ 100 ਪ੍ਰਾਰਥਨਾ ਯੋਧਿਆਂ ਨਾਮਕ ਸਾਡੀ ਸੇਵਕਾਈ ਨੂੰ ਬਰਕਤ ਦੇ ਰਿਹਾ ਹੈ।

23 ਮਾਰਚ: ਅਸੀਂ ਸਭ ਰਾਜਾਂ ਦੇ ਸਾਡੇ ਸਹਿ-ਸੰਚਾਲਕਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

24 ਮਾਰਚ: ਪ੍ਰਮੇਸ਼ਵਰ ਨੇ ਮੁੱਖ ਚਰਚ ਵਿੱਚ ਭੈਣਾਂ ਦੀ ਸੇਵਕਾਈ ਨੂੰ ਬਰਕਤ ਦਿੱਤੀ।

25 ਮਾਰਚ: ਅਸੀਂ ਬਾਈਬਲਕੋਰ-ਬੇਸਿਕ ਪੱਤਰਵਿਹਾਰ ਕੋਰਸ ਅਤੇ ਥਿਆਲੋਜੀਕਲ ਪੱਤਰਵਿਹਾਰ ਕੋਰਸਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

26 ਮਾਰਚ: ਪ੍ਰਮੇਸ਼ਵਰ ਨੇ ਸਾਡੇ ਪਾ. ਐੱਸ. ਸੈਮ ਸੇਲਵਾ ਰਾਜ ਅਤੇ ਟੀਮ ਦੀਆਂ ਯਾਤਰਾਵਾਂ ਵਿੱਚ ਮਦਦ ਕੀਤੀ।

27 ਮਾਰਚ: ਪ੍ਰਮੇਸ਼ਵਰ ਨੇ ਸਾਡੇ ਨਹਮਯਾਹ ਬਾਈਬਲ ਕਾਲਜਾਂ ਨੂੰ ਵਧੀਆ ਲੈਕਚਰਰਾਂ ਦੀ ਬਰਕਤ ਦਿੱਤੀ।

28 ਮਾਰਚ: ਪ੍ਰਮੇਸ਼ਵਰ ਨੇ ਸਾਨੂੰ ਵਧੀਆ ਦਫ਼ਤਰੀ ਸਟਾਫ ਦੀ ਬਰਕਤ ਦਿੱਤੀ।

29 ਮਾਰਚ: ਪ੍ਰਮੇਸ਼ਵਰ ਨੇ ਸਾਡੇ ਮੁੱਖ ਚਰਚ ਵਿੱਚ ਹੋਰ ਪ੍ਰਾਰਥਨਾ ਯੋਧੇ ਦਿੱਤੇ।

30 ਮਾਰਚ: ਅਸੀਂ ਸਾਡੇ ਸਹਾਇਕਾਂ, ਉਨ੍ਹਾਂ ਦੀਆਂ ਦੁਆਵਾਂ ਅਤੇ ਸਹਾਇਤਾ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

31 ਮਾਰਚ: ਪ੍ਰਮੇਸ਼ਵਰ ਨੇ ਸਾਡੀਆਂ ਬ੍ਰਾਂਚ ਕਲੀਸਿਆਵਾਂ ਅਤੇ ਵਿਸ਼ਵਾਸੀਆਂ ਨੂੰ ਬਰਕਤ ਦਿੱਤੀ ।

01 ਅਪ੍ਰੈਲ: ਪ੍ਰਮੇਸ਼ਵਰ ਨੇ ਪਿਛਲੇ ਮਹੀਨੇ ਬੁਲਾਵੇ ਦੀ ਗੂੰਜ ਦੇ ਸਭ ਚਰਚਾਂ ਦੀਆਂ ਗਤੀਵਿਧੀਆਂ ਨੂੰ ਅਸੀਸ ਦਿੱਤੀ।

02 ਅਪ੍ਰੈਲ: ਬਹੁਤ ਸਾਰੀ ਰੂਹਾਂ ਸਾਡੇ ਮੁੱਖ ਚਰਚ ਅਤੇ ਬ੍ਰਾਂਚ ਚਰਚਾਂ ਵਿੱਚ ਸ਼ਾਮਿਲ ਹੋਈਆਂ।

03 ਅਪ੍ਰੈਲ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

### ਪ੍ਰਾਰਥਨਾ ਦੇ ਮੁੱਦੇ

04 ਅਪ੍ਰੈਲ: ਪ੍ਰਾਰਥਨਾ ਕਰੀਏ ਕਿ ਇਸ ਮਹੀਨੇ ਪ੍ਰਮੇਸ਼ਵਰ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਆਰਥਿਕ ਲੋੜਾਂ ਨੂੰ ਪੂਰਾ ਕਰੇ।

05 ਅਪ੍ਰੈਲ: ਅਸੀਂ ਉਨ੍ਹਾਂ ਸਭ ਵਿਦਿਆਰਥੀਆਂ ਲਈ ਦੁਆ ਕਰੀਏ ਜੋ ਬੋਰਡ ਦੇ ਇਮਤਿਹਾਨ ਦੇ ਰਹੇ ਹਨ।

06 ਅਪ੍ਰੈਲ: ਅਸੀਂ 1 ਮਈ, 2020 ਨੂੰ ਹੋਣ ਵਾਲੀ ਸਾਡੇ ਪੁਰਾਣੇ ਵਿਦਿਆਰਥੀਆਂ ਦੀ ਸਭਾ ਲਈ ਪ੍ਰਾਰਥਨਾ ਕਰੀਏ।

07 ਅਪ੍ਰੈਲ: ਪੂਰੇ ਹਿਰਦੇ ਨਾਲ ਚੀਨ ਅਤੇ ਹੋਰ ਪ੍ਰਭਾਵਿਤ ਦੇਸ਼ਾਂ ਵਿੱਚੋਂ ਕੋਰੋਨਾ ਵਾਇਰਸ ਦੇ ਖਾਤਮੇ ਲਈ ਦੁਆ ਕਰੀਏ। 08 ਅਪ੍ਰੈਲ: 13 ਜੂਨ, 2020 ਨੂੰ ਹੋਣ ਵਾਲੇ ਨਹਮਯਾਹ ਬਾਈਬਲ ਕਾਲਜਾਂ ਦੀ ਗ੍ਰੈਜੂਏਸ਼ਨ ਸਭਾ ਲਈ ਪ੍ਰਾਰਥਨਾ ਕਰੀਏ।

09 ਅਪ੍ਰੈਲ: ਪ੍ਰਮੇਸ਼ਵਰ 2020-2021 ਵਿੱਚ ਨਹਮਯਾਹ ਬਾਈਬਲ ਲਈ ਹੋਰ ਵਿਦਿਆਰਥੀ ਮੁਹੱਈਆ ਕਰੇ।

10 ਅਪ੍ਰੈਲ: ਸਾਡੇ ਮੁੱਖ ਚਰਚ ਅਰ ਬ੍ਰਾਂਚ ਚਰਚਾਂ ਵਿੱਚ ਹੋਣ ਵਾਲੀਆਂ ਗੁੱਡ ਫ੍ਰਾਈਡੇ ਅਤੇ ਈਸਟਰ ਸਭਾਵਾਂ ਲਈ ਪ੍ਰਾਰਥਨਾ ਕਰੀਏ।

11 ਅਪ੍ਰੈਲ: ਅਸੀਂ ਸਭ ਸਕੂਲਾਂ ਦੇ ਬੱਚਿਆਂ ਲਈ ਪ੍ਰਾਰਥਨਾ ਕਰੀਏ ਕਿ ਪ੍ਰਮੇਸ਼ਵਰ ਉਨ੍ਹਾਂ ਨੂੰ ਸੁਰੱਖਿਆ ਬਖ਼ਸ਼ੇ।

12 ਅਪ੍ਰੈਲ: ਹਰ ਐਤਵਾਰ ਬੁਲਾਵੇ ਦੀ ਗੂੰਜ ਦੇ ਮੁੱਖ ਚਰਚ ਵਿੱਚ ਹੋਣ ਵਾਲੀਆਂ ਸੱਤ ਸਭਾਵਾਂ ਲਈ ਦੁਆ ਕਰੀਏ।

13 ਅਪ੍ਰੈਲ: ਸੰਸਾਰ ਭਰ ਦੇ ਕੈਦੀਆਂ ਦੇ ਉੱਧਾਰ ਲਈ ਪ੍ਰਾਰਥਨਾ ਕਰੀਏ।

14 ਅਪ੍ਰੈਲ: ਬੁਲਾਵੇ ਦੀ ਗੂੰਜ ਮੁੱਖ ਦਫ਼ਤਰ ਇਲਾਕੇ ਵਿੱਚ ਅਤੇ ਨੇੜੇ ਰਹਿਣ ਵਾਲੇ ਲੋਕਾਂ ਦੀ ਮੁਕਤੀ ਲਈ ਦੁਆ ਕਰੀਏ।

15 ਅਪ੍ਰੈਲ: ਅਸੀਂ ਸਾਡੇ ਉਰਦੂ ਦੇ ਸਹਾਇਕ ਸੰਪਾਦਕ ਬ੍ਰ. ਸੂਰਜ ਕੁਮਾਰ ਚੰਦਾਨੀ ਦੀ ਚੰਗੀ ਸੇਹਤ ਅਤੇ ਪਰਿਵਾਰ ਲਈ ਪ੍ਰਾਰਥਨਾ ਕਰੀਏ।

16 ਅਪ੍ਰੈਲ: ਸਭ ਦੇਸ਼ਾਂ ਦੇ ਬਾਡਰਾਂ ਅਤੇ ਸਰਕਾਰਾਂ ਦੀ ਸੁਰੱਖਿਆ ਲਈ ਪ੍ਰਾਰਥਨਾ ਕਰੀਏ।

17 ਅਪ੍ਰੈਲ: ਸਾਡੇ ਦੇਸ਼ ਦੇ ਸਭ ਲੀਡਰਾਂ, ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰਾਜਪਾਲਾਂ, ਮੁੱਖ ਮੰਤਰੀਆਂ ਅਤੇ ਸਭ ਸਰਕਾਰੀ ਕਰਮਚਾਰੀਆਂ ਲਈ ਪ੍ਰਾਰਥਨਾ ਕਰੀਏ।

18 ਅਪ੍ਰੈਲ: ਅਸੀਂ ਸੰਸਾਰ ਭਰ ਵਿੱਚ ਸ਼ਾਂਤੀ ਲਈ ਪ੍ਰਾਰਥਨਾ ਕਰੀਏ।

(ਚਲਦਾ ਸਫਾ 4 ਤੋਂ)

ਬਚਾਇਆ ਜਾਵੇਂਗਾ।ਤੂੰ ਕੇਵਲ ਬਚੇਂਗਾ ਹੀ ਨਹੀਂ ਬਲਕਿ ਉਨ੍ਹਾਂ ਵਿੱਚ ਤੂੰ ਬਰਕਤ ਪਾਵੇਂਗਾ ਕਿਉਂਕਿ ਮੇਰੀ ਹਜ਼ੂਰੀ ਤੇਰੇ ਨਾਲ ਹੈ!"

ਪੁਰਾਣੇ ਨੇਮ ਦੀਆਂ ਇਹ ਘਟਨਾਵਾਂ ਕੇਵਲ ਮੁਰਦਾ ਕਹਾਣੀਆਂ ਨਹੀਂ ਹਨ ਬਲਕਿ ਇਹ ਸਾਨੂੰ ਉਤਸਾਹਿਤ ਕਰਦੀਆਂ ਹਨ ਕਿ ਅਸੀਂ ਆਪਣੇ ਜੀਵਨਾਂ ਵਿੱਚ ਪ੍ਰਮੇਸ਼ਵਰ ਦੀ ਹਜ਼ੂਰੀ ਨੂੰ ਲੋਚੀਏ। ਅਸੀਂ ਉਨ੍ਹਾਂ ਕੰਮਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰ ਸਕਦੇ ਹਾਂ ਜਿਹੜੇ ਉਸਦੀ ਹਜ਼ੂਰੀ ਨੇ ਅਬਰਾਹਾਮ, ਯਹੋਸ਼ੁਆ, ਗਿਦਾਊਨ, ਯਿਰਮਿਯਾਹ ਅਤੇ ਸਮੁੱਚੇ ਇਸਰਾਏਲ ਲਈ ਕੀਤੇ ਪਰੰਤੂ ਸਾਡੇ ਵਿੱਚੋਂ ਹਰੇਕ ਕੋਲ ਵੀ ਸਮਰੱਥੀ ਗਵਾਹੀਆਂ ਹਨ ਕਿ ਪ੍ਰਮੇਸ਼ਵਰ ਦੀ ਹਜ਼ੂਰੀ ਨੇ ਕਿਵੇਂ ਸਾਡੀ ਅਗਵਾਈ ਕੀਤੀ, ਦਰਵਾਜਿਆਂ ਨੂੰ ਖੋਲਿਆ, ਰੁਕਾਵਟਾਂ ਨੂੰ ਹਟਾਇਆ, ਦਿਲਾਂ ਨੂੰ ਪਿਘਲਾਇਆ ਅਰ ਸਾਨੂੰ ਭੈ-ਰਹਿਤ ਕੀਤਾ।

ਮੈਂ ਆਪਣੇ ਜੀਵਨ ਵਿੱਚ ਵੀ ਇਸਨੂੰ ਸੱਚ ਹੁੰਦੇ ਵੇਖਿਆ ਹੈ। ਤੁਸੀਂ ਆਖ ਸਕਦੇ ਹੋ, "ਤੁਸੀਂ ਤਾਂ ਆਪਣੀ ਵਡਿਆਈ ਲਈ ਆਖ ਰਹੇ ਹੋ!" ਨਹੀਂ-ਸੱਚਾਈ ਇਹੀ ਹੈ ਕਿ ਪ੍ਰਮੇਸ਼ਵਰ ਦੀ ਹਜ਼ੂਰੀ ਸਦਾ ਮੇਰੇ ਨਾਲ ਰਹੀ ਹੈ!

ਦਸ ਸਾਲ ਪਹਿਲਾਂ ਜਦੋਂ ਅਸੀਂ ਆਪਣਾ ਚਰਚ ਸ਼ੁਰੂ ਕੀਤਾ, ਮਸੀਹ ਦੀ ਹਜ਼ੂਰੀ ਹਰ ਕੰਮ ਵਿੱਚ ਸਾਡੇ ਨਾਲ ਰਹੀ। ਮੈਨੂੰ ਯਾਦ ਹੈ ਜਦੋਂ ਮੈਂ ਇੱਕ ਮਸ਼ਹੂਰ ਪ੍ਰੋਡਿਊਸਰ ਦੇ ਦਫ਼ਤਰ ਵਿੱਚ ਗਿਆ, ਤਾਂ ਕਿ ਸਾਨੂੰ ਚਰਚ ਲਗਾਉਣ ਲਈ ਕੋਈ ਥਿਏਟਰ ਮਿਲ ਜਾਵੇ। ਪ੍ਰੋਡਿਊਸਰ ਦੇ ਸੈਕਰੇਟਰੀ ਅਤੇ ਸਟਾੱਫ਼ ਮੈਂਬਰ ਮੇਰਾ ਮਜ਼ਾਕ ਉਡਾਉਣ ਲੱਗੇ; ਉਨ੍ਹਾਂ ਦੇ ਸ਼ਬਦ ਅਰ ਵਿਹਾਰ ਇਹ ਦਰਸਾ ਰਹੇ ਸਨ ਕਿ ਮੇਰੇ ਵਰਗੇ ਸਧਾਰਨ ਆਦਮੀ ਨੂੰ ਤਾਂ ਉਸ ਨਾਲ ਮਿਲਣ ਦੀ ਅਨੁਮਤੀ ਵੀ ਨਹੀਂ ਮਿਲੇਗੀ। ਮੈਨੂੰ ਇੰਝ ਲੱਗਾ ਕਿ ਮੈਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਜਾਵੇਗਾ। ਪਰੰਤੂ ਉਸੇ ਵੇਲੇ ਪ੍ਰਡਿਊਸਰ ਆਪਣੇ ਕਮਰੇ ਵਿੱਚੋਂ ਬਾਹਰ ਆਇਆ- ਅਰ ਜਦ ਉਸਨੇ ਮੈਨੂੰ ਵੇਖਿਆ ਤਾਂ ਉਸਨੇ ਝੱਟ ਮੈਨੂੰ ਆਪਣੇ ਕਮਰੇ ਵਿੱਚ ਬੁਲਾ ਲਿਆ!

ਅਗਲੇ ਕਈ ਹਫ਼ਤਿਆਂ ਤੱਕ ਪ੍ਰੋਡਿਊਸਰ ਅਰ ਮੇਰੀ ਜਾਣ ਪਛਾਣ ਵਧਦੀ ਗਈ। ਕਈ ਵਾਰ ਉਸ ਪ੍ਰੋਡਿਊਸਰ ਨੇ ਮੇਰੇ ਵੱਲ ਵੇਖ ਕੇ ਆਖਿਆ, "ਮੈਨੂੰ ਨਹੀਂ ਪਤਾ ਕਿ ਮੈਂ ਤੁਹਾਡੇ ਨਾਲ ਇੰਨਾਂ ਸਮਾਂ ਕਿਉਂ ਬਿਤਾ ਰਿਹਾ ਹਾਂ। ਮੇਰੇ ਕੋਲ ਤਾਂ ਇਸ ਤਰਾਂ ਵਿਹਲੇ ਬੈਠਣ ਲਈ ਸਮਾਂ ਹੀ ਨਹੀਂ ਹੈ"। ਪਰੰਤੂ ਜਦੋਂ ਵੀ ਮੈਂ ਉਸਦੇ ਦਫ਼ਤਰ ਜਾਂਦਾ ਉਸਦੀ ਸੈਕਰੇਟਰੀ ਮੈਨੂੰ ਬਾਕੀ ਬੈਠੇ ਸਭ ਲੋਕਾਂ ਤੋਂ ਪਹਿਲਾਂ ਇਹ ਆਖ ਕੇ ਅੰਦਰ ਭੇਜ ਦਿੰਦੀ, "ਰੈਵਰੈਂਡ ਜੀ, ਤੁਸੀਂ ਸਿੱਧੇ ਅੰਦਰ ਚਲੇ ਜਾਓ-ਉਹ ਤੁਹਾਡਾ ਹੀ ਇੰਤਜ਼ਾਰ ਕਰ ਰਹੇ ਹਨ!"

ਅਖ਼ੀਰ ਉਸ ਪ੍ਰੋਡਿਊਸਰ ਨੇ ਆਪਣਾ ਸਭ ਤੋਂ ਵਧੀਆ ਥਿਏਟਰ ਚਰਚ ਵੱਜੋਂ ਇਸਤੇਮਾਲ ਕਰਨ ਲਈ ਸਾਨੂੰ ਵੇਚ ਦਿੱਤਾ। ਵਿੱਕਰੀ ਦੇ ਦਸਤਾਵੇਜ਼ਾਂ ਉੱਪਰ ਦਸਤਖ਼ਤ ਕਰਨ ਵੇਲੇ ਵੀ ਉਸਨੇ ਅਖਿਆ, "ਮੈਨੂੰ ਨਹੀਂ ਪਤਾ ਕਿ ਮੈਂ ਇਸਨੂੰ ਕਿਉਂ ਵੇਚ ਰਿਹਾ ਹਾਂ!" ਇਹ ਕੇਵਲ ਪ੍ਰਮੇਸ਼ਵਰ ਦੀ ਹਜ਼ੂਰੀ ਹੀ ਸੀ ਜਿਸਨੇ ਉਸਨੂੰ ਉਹ ਇਮਾਰਤ ਸਾਨੂੰ ਵੇਚਣ ਲਈ ਕਾਯਲ ਕੀਤਾ ਸੀ।

ਮੈਂ ਪ੍ਰਮੇਸ਼ਵਰ ਨੂੰ ਹੋਰ ਲੋਕਾਂ ਦੇ ਮਨਾਂ ਨੂੰ ਤਬਦੀਲ ਕਰਦੇ ਵੀ ਵੇਖਿਆ ਹੈ। ਸਾਡੇ ਨਾਲ ਲਗਦੀ ਇਮਾਰਤ ਦਾ ਮਾਲਕ ਸਾਨੂੰ ਆਪਣੀ ਇਮਾਰਤ ਵੇਚਣ ਲਈ ਬਿਲਕੁਲ ਰਾਜ਼ੀ ਨਹੀਂ ਸੀ। ਪਰੰਤੂ ਸਮੇਂ ਦੇ ਨਾਲ ਉਹ ਮੇਰਾ ਚੰਗਾ ਮਿੱਤਰ ਬਣ ਗਿਆ ਅਤੇ ਅਖ਼ੀਰ ਉਸਨੇ ਉਹ ਇਮਾਰਤ ਸਾਨੂੰ ਵੇਚ ਦਿੱਤੀ। ਉਹ ਲਗਾਤਾਰ ਮੈਨੂੰ ਇਹ ਆਖਦਾ ਰਿਹਾ, "ਉੱਪਰ ਕੋਈ ਹੈ ਜੋ ਤੁਹਾਡੀ ਮਦਦ ਕਰ ਰਿਹਾ ਹੈ!"

ਇਹ ਪ੍ਰਮੇਸ਼ਵਰ ਦੀ ਹਜ਼ੂਰੀ ਦੀ ਸਮਰੱਥ ਹੈ ਅਤੇ ਹਰੇਕ ਮਸੀਹੀ ਇਸ ਗੱਲ ਦੀ ਗਵਾਹੀ ਦੇ ਸਕਦਾ ਹੈ ਕਿ: "ਪ੍ਰਮੇਸ਼ਵਰ ਦੀ ਹਜ਼ੂਰੀ ਨੇ ਮੇਰੇ ਜੀਵਨ ਵਿੱਚ ਮਹਾਨ ਕੰਮ ਕੀਤੇ ਹਨ!"

## ਜੀਵਨ ਵਿੱਚ ਪ੍ਰਮੇਸ਼ਵਰ ਦੀ ਹਜ਼ੂਰੀ ਹਾਸਲ ਕਰਨ ਅਤੇ ਉਸਨੂੰ ਬਰਕਰਾਰ ਰੱਖਣ ਲਈ ਇੱਕ ਸ਼ਰਤ ਹੈ

ਸਾਡੇ ਜੀਵਨ ਵਿੱਚ ਉਸਦੀ ਹਜ਼ੂਰੀ ਆਉਣ ਲਈ ਪ੍ਰਮੇਸ਼ਵਰ ਨੇ ਇੱਕ ਸ਼ਰਤ ਰੱਖੀ ਹੈ। ਇਹ ਸ਼ਰਤ 2 ਇਤਹਾਸ 15 ਵਿੱਚ ਲਿਖੀ ਹੈ। ਇਸਤੋਂ ਪਿਛਲੇ ਅਧਿਆਏ ਵਿੱਚ ਰਾਜਾ ਆਸਾ ਨੇ ਯਹੂਦਾਹ ਦੀ ਸੈਨਾ ਨਾਲ, ਕੂਸ਼ੀਆਂ ਦੀ ਲੱਖਾਂ ਦੀ ਗਿਣਤੀ ਵਾਲੀ ਸੈਨਾ ਉੱਤੇ ਵੱਡੀ ਜਿੱਤ ਹਾਸਲ ਕੀਤੀ ਸੀ। ਫਿਰ ਵੀ ਆਸਾ ਇਹ ਗਵਾਹੀ ਦਿੰਦਾ ਹੈ ਕਿ ਇਹ ਪ੍ਰਮੇਸ਼ਵਰ ਦੀ ਹਜ਼ੂਰੀ ਸੀ ਜਿਸਨੇ ਦੁਸ਼ਮਣ ਨੂੰ ਖਿੰਡਾ ਦਿੱਤਾ।

"ਆਸਾ ਨੇ ਯਹੋਵਾਹ ਆਪਣੇ ਪ੍ਰਮੇਸ਼ਵਰ ਅੱਗੇ ਫ਼ਰਯਾਦ ਕੀਤੀ ਕਿ ਜ਼ੋਰਾਵਰ ਅਤੇ ਕਮਜ਼ੋਰੀ ਵਿੱਚ ਸਹਾਇਤਾ ਕਰਨ ਨੂੰ ਤੇਰੇ ਬਿਨਾਂ ਹੋਰ ਕੋਈ ਹੈ ਨਹੀਂ। ਹੇ ਯਹੋਵਾਹ ਸਾਡੇ ਪ੍ਰਮੇਸ਼ਵਰ ਸਾਡੀ ਸਹਾਇਤਾ ਕਰ ਕਿਉਂ ਜੋ ਅਸੀਂ ਤੇਰੇ ਉੱਤੇ ਭਰੋਸਾ ਰੱਖਦੇ ਹਾਂ ਅਤੇ ਤੇਰੇ ਨਾਮ ਉੱਤੇ ਇਸ ਕਟਕ ਦੇ ਵਿਰੁੱਧ ਆਏ ਹਾਂ...ਫੇਰ ਯਹੋਵਾਹ ਨੇ ਆਸਾ ਅਤੇ ਯਹੂਦਾਹ ਸੇ ਸਾਹਮਣੇ ਕੂਸ਼ੀਆਂ ਨੂੰ ਮਾਰਿਆ ਤਾਂ ਕੂਸ਼ੀ ਭੱਜ ਤੁਰੇ..." (2 ਇਤਹਾਸ 14:11-12)।

ਜਦੋਂ ਆਸਾ ਅਤੇ ਉਸਦੀ ਸੈਨਾਂ ਵੱਡੀ ਜਿੱਤ ਨਾਲ ਯਰੂਸ਼ਲਮ ਨੂੰ ਵਾਪਸ ਪਰਤ ਰਹੀ ਸੀ ਤਾਂ ਸ਼ਹਿਰ ਦੇ ਫ਼ਾਟਕ ਵਿੱਚ ਅਜ਼ਰਯਾਹ ਨਬੀ ਪ੍ਰਮੇਸ਼ਵਰ ਦੇ ਇਸ ਸੰਦੇਸ਼ ਨਾਲ ਉਨ੍ਹਾਂ ਨੂੰ ਮਿਲਿਆ: "ਹੇ ਆਸਾ ਮੇਰੀ ਸੁਣੋ...ਯਹੋਵਾਹ ਤੁਹਾਡੇ ਨਾਲ ਹੈ ਜਦ ਤੀਕ ਤੁਸੀਂ ਉਸਦੇ ਨਾਲ ਹੋ। ਜੇਕਰ ਤੁਸੀਂ ਉਹ ਦੇ ਚਾਹਵੰਦ ਹੋ ਤਾਂ ਉਹ ਤੁਹਾਨੂੰ ਮਿਲੇਗਾ ਪਰ ਜੇ ਤੁਸੀਂ ਉਸਨੂੰ ਛੱਡ ਦਿਓ ਤਾਂ ਉਹ ਤੁਹਾਨੂੰ ਛੱਡ ਦੇਵੇਗਾ। ਹੁਣ ਬਹੁਤ ਸਮੇਂ ਤੋਂ ਇਸਰਾਏਲ ਬਿਨਾਂ ਸੱਚੇ ਪ੍ਰਮੇਸ਼ਵਰ... ਦੇ ਰਹੇ ਹਨ, ਪਰ ਜਦ ਉਹ ਆਪਣੇ ਦੁੱਖ ਵਿੱਚ ਇਸਰਾਏਲ ਦੇ ਪ੍ਰਮੇਸ਼ਵਰ ਯਹੋਵਾਹ ਵੱਲ ਮੁੜ ਕੇ ਉਸਦੇ ਚਾਹਵੰਦ ਹੋਏ ਤਾਂ ਉਹ ਉਨ੍ਹਾਂ ਨੂੰ ਲੱਭ ਪਿਆ" (2 ਇਤਹਾਸ 15:2-4)।

ਤੁਹਾਡੇ ਜੀਵਨ ਵਿੱਚ ਪ੍ਰਮੇਸ਼ਵਰ ਦੀ ਹਜ਼ੂਰੀ ਪਾਉਣ ਅਤੇ ਉਸਨੂੰ ਬਰਕਰਾਰ ਰੱਖਣ ਦਾ ਭੇਤ ਇਹ ਹੈ: ਯਹੋਵਾਹ ਆਸਾ ਨੂੰ ਚੇਤੇ ਕਰਵਾਉਂਦਾ ਹੈ, "ਆਸਾ, ਕਦੇ ਵੀ ਇਸਨੂੰ ਨਾ ਭੁੱਲੀਂ ਕਿ ਇਹ ਜਿੱਤ ਤੈਨੂੰ ਕਿੰਝ ਹਾਸਲ ਹੋਈ ਸੀ। ਤੂੰ ਪੂਰੇ ਹਿਰਦੇ ਨਾਲ ਮੈਨੂੰ ਭਾਲਿਆ ਅਤੇ ਮੇਰੀ ਵੱਲ ਮੁੜਿਆ- ਜਦੋਂ ਤੂੰ ਮੁਸ਼ਕਲ ਵਿੱਚ ਸੀ, ਮੈਂ ਆਪਣੀ ਹਜ਼ੂਰੀ ਤੇਰੇ ਲਈ ਭੇਜੀ। ਇਹ ਮੇਰੀ ਹਜ਼ੂਰੀ ਹੀ ਸੀ ਜਿਸਨੇ ਦੁਸ਼ਮਣ ਨੂੰ ਤੇਰੇ ਅੱਗੇ ਭਜਾਇਆ!"

ਹੁਣ ਅਜ਼ਰਯਾਹ ਆਸਾ ਨੂੰ ਆਖਦਾ ਹੈ, "ਕੀ ਤੈਨੂੰ ਚੇਤੇ ਹੈ ਕਿ ਤੇਰੇ ਗੱਦੀ ਉੱਤੇ ਬੈਠਣ ਤੋਂ ਪਹਿਲਾਂ ਰਾਜ ਕਿਹੋ ਜਿਹਾ ਸੀ? ਸਭ ਕੁਝ ਬੇਮੁਹਾਰਾ ਸੀ, ਕੋਈ ਕਨੂੰਨ, ਕੋਈ ਅਗਵਾਈ, ਕੋਈ ਧਾਰਮਿਕ ਸਿੱਖਿਆ ਨਹੀਂ ਸੀ। ਹਰ ਕੋਈ ਆਪਣੇ ਲਈ ਖੁਦ ਕਨੂੰਨ ਸੀ ਅਤੇ ਆਪਣੀ ਇੱਛਾ ਅਨੁਸਾਰ ਚੱਲਦਾ ਸੀ!"

ਅੱਜ ਬਹੁਤ ਸਾਰੇ ਮਸੀਹੀ ਪਰਿਵਾਰਾਂ ਦੀ ਵੀ ਇਹੀ ਤਸਵੀਰ ਹੈ। ਕੋਈ ਤਰਤੀਬ ਨਹੀਂ, ਕੋਈ ਅਗਵਾਈ ਕਰਨ ਵਾਲਾ ਨਹੀਂ, ਕੋਈ ਸ਼ਾਂਤੀ ਅਰ ਅਰਾਮ ਨਹੀਂ। ਹਰ ਕੋਈ ਉਹੀ ਕਰ ਰਿਹਾ ਹੈ ਜੋ ਉਸਨੂੰ ਚੰਗਾ ਲਗਦਾ ਹੈ। ਅਜਿਹੇ ਬਹੁਤ ਸਾਰੇ ਪਰਿਵਾਰ ਬਰਬਾਦ ਅਰ ਬੇਤਰਤੀਬ ਭੀੜਾਂ ਵਾਂਗ ਬਣ ਚੁੱਕੇ ਹਨ।

ਪਰੰਤੂ ਅਜਿਹਾ ਹੋਣਾ ਨਹੀਂ ਚਾਹੀਦਾ। ਕੋਈ ਵੀ ਮਸੀਹੀ ਘਰ ਬੇਤਰਤੀਬਾ ਨਹੀਂ ਹੋਣਾ ਚਾਹੀਦਾ।ਪ੍ਰਮੇਸ਼ਵਰ ਦੇ ਵਾਅਦੇ ਨਾ ਬਦਲਣ ਵਾਲੇ ਅਤੇ ਉਸਦਾ ਵਚਨ ਸਹੁੰ ਖਾਂਦਾ ਹੈ, "ਤੁਹਾਡੇ ਜੀਵਨ ਭਰ ਜਦੋਂ ਤੱਕ ਤੁਸੀਂ ਮੈਨੂੰ ਭਾਲਦੇ ਰਹੋਗੇ, ਮੈਂ ਤੁਹਾਡੇ ਸੰਗ ਰਹਾਂਗਾ। ਜਦੋਂ ਵੀ ਤੁਸੀਂ ਮੈਨੂੰ ਪੁਕਾਰੋਗੇ ਮੈਂ ਹਮੇਸ਼ਾ ਤੁਹਾਨੂੰ ਉੱਤਰ ਦੇਵਾਂਗਾ!"

ਇਹ ਕੋਈ ਗੁੰਝਲਦਾਰ ਧਰਮਵਿਗਿਆਨ ਵਾਲੀ ਗੱਲ ਨਹੀਂ ਹੈ। ਸਧਾਰਨ ਸ਼ਬਦਾਂ ਵਿੱਚ ਜੇਕਰ ਦੋਨੋ ਪਤੀ ਅਰ ਪਤਨੀ ਜਾਂ ਫਿਰ ਦੋਨਾਂ ਵਿੱਚੋਂ ਇੱਕ ਵੀ ਪ੍ਰਮੇਸ਼ਵਰ ਨੂੰ ਭਾਲੇ ਤਾਂ ਉਨ੍ਹਾਂ ਦਾ ਘਰ ਮੁਸ਼ਕਿਲਾਂ ਭਰਿਆ ਜਾਂ ਬੇਤਰਤੀਬਾ ਨਹੀਂ ਹੋਵੇਗਾ। ਜੇਕਰ ਕੋਈ ਵੀ ਪ੍ਰਮੇਸ਼ਵਰ ਦੀ ਹਜ਼ੂਰੀ ਨੂੰ ਭਾਲੇ ਤਾਂ ਉਸਦੀ ਹਜ਼ੂਰੀ ਮਨੁੱਖ ਨੂੰ ਜ਼ਰੂਰ ਮਿਲਦੀ ਹੈ।

"...ਯਹੋਵਾਹ ਤੁਹਾਨੂੰ ਮਿਲੇਗਾ...(2 ਇਤਹਾਸ 15:2)। "ਮਿਲੇਗਾ" ਦਾ ਇਬਰਾਨੀ ਸ਼ਬਦ ਹੈ "ਮਤਸਾ" ਜਿਸਦਾ ਅਰਥ ਹੈ "ਉਸਦੀ ਹਜ਼ੂਰੀ ਯੋਗ ਬਣਾਉਣ ਅਰ ਬਰਕਤ ਦੇਣ ਲਈ ਆ ਰਹੀ ਹੈ।" ਇਹ ਆਇਤ ਦੱਸਦੀ ਹੈ "ਆਪਣੇ ਪੂਰੇ ਹਿਰਦੇ ਨਾਲ ਯਹੋਵਾਹ ਨੂੰ ਭਾਲੋ ਤਾਂ ਉਸਦੀ ਹਜ਼ੂਰੀ ਤੁਹਾਨੂੰ ਮਿਲੇਗੀ। ਸੱਚਮੁਚ, ਉਸਦੀ ਹਜ਼ੂਰੀ ਇੱਕ ਜ਼ੋਰਦਾਰ ਤਾਕਤ ਹੈ ਜੋ ਤੁਹਾਡੇ ਜੀਵਨ ਵਿੱਚੋਂ ਪ੍ਰਦਰਸ਼ਿਤ ਹੁੰਦੀ ਹੈ।

## ਬਾਈਬਲ ਅਨੁਸਾਰ ਸਾਡਾ ਮੁੱਖ ਕੰਮ ਪ੍ਰਮੇਸ਼ਵਰ ਲਈ ਚਾਹਵੰਦ ਰਹਿਣਾ ਹੈ ਤਾਂ ਕਿ ਉਸਦੀ ਹਜ਼ੂਰੀ ਸਾਡੇ ਨਾਲ ਰਹੇ।

ਪ੍ਰਮੇਸ਼ਵਰ ਨੇ ਉਸਦੇ ਰਹਿਮ ਦਾ ਨੇਮ ਸਭ

ਵਿਸ਼ਵਾਸੀਆਂ ਨਾਲ ਬੰਨਿਆਂ ਹੈ। ਇਸ ਨੇਮ ਦਾ ਪ੍ਰਤੱਖ ਸਬੂਤ ਹੈ, "ਪ੍ਰਮੇਸ਼ਵਰ ਨੇ ਸਾਡੇ ਪਾਪਾਂ ਦਾ ਭਾਰ ਯਿਸੂ ਉੱਤੇ ਲੱਦ ਦਿੱਤਾ"। "ਯਿਸੂ ਸਾਡੇ ਲਈ ਸਰਾਪੀ ਬਣ ਗਿਆ"। "ਉਹ ਸਾਨੂੰ ਨਾ ਹੀ ਕਦੇ ਛੱਡੇਗਾ ਅਰ ਨਾ ਹੀ ਕਦੇ ਤਿਆਗੇਗਾ"।

ਪ੍ਰਮੇਸ਼ਵਰ ਉਨ੍ਹਾਂ ਲਈ ਕਈ ਖਾਸ ਵਾਅਦੇ ਵੀ ਕਰਦਾ ਹੈ ਜਿਹੜੇ ਸੰਪੂਰਨ ਹਿਰਦੇ ਨਾਲ ਉਸਨੂੰ ਲੋਚਦੇ ਹਨ। ਇਨ੍ਹਾਂ ਵਿੱਚੋਂ ਇਕ ਵਾਅਦਾ ਹੈ ਪ੍ਰਮੇਸ਼ਵਰ ਦੀ ਹਜ਼ੂਰੀ ਦਾ ਵਾਅਦਾ। ਹਾਲਾਂਕਿ ਇਹ ਵਾਅਦਾ ਸ਼ਰਤ ਦੇ ਨਾਲ ਆਉਂਦਾ ਹੈ। ਬਾਈਬਲ ਸਪੱਸ਼ਟ ਕਰਦੀ ਹੈ ਕਿ ਜੇਕਰ ਅਸੀਂ ਇਸ ਨੇਮ ਦੀਆਂ ਸ਼ਰਤਾਂ ਨੂੰ ਪੂਰਾ ਕਰਾਂਗੇ ਤਾਂ ਹੀ ਪ੍ਰਮੇਸ਼ਵਰ ਦੀ ਹਜ਼ੂਰੀ ਦੀਆਂ ਅਦਭੁੱਤ ਬਰਕਤਾਂ ਪਾਵਾਂਗੇ। ਅਤੇ ਇਸਦਾ ਸੰਬੰਧ ਕੇਵਲ ਮੁਕਤੀ ਨਾਲ ਹੀ ਨਹੀਂ ਹੈ। ਇਹ ਪ੍ਰਮੇਸ਼ਵਰ ਦੀ ਅਜਿਹੀ ਹਜ਼ੂਰੀ ਦੀ ਗੱਲ ਹੈ ਜੋ ਉਸਦੇ ਲੋਚਨ ਵਾਲਿਆਂ ਸੰਗ ਰਹਿੰਦੀ ਹੈ ਅਤੇ ਸਭ ਲੋਕ ਉਸਨੂੰ ਵੇਖਦੇ ਅਰ ਜਾਣਦੇ ਹਨ!

ਪ੍ਰਮੇਸ਼ਵਰ ਆਪਣੀ ਹਜ਼ੂਰੀ ਦਾ ਵਾਅਦਾ ਇੱਕ ਅਣਜਾਣ ਨਬੀ ਦੁਆਰਾ ਇਸਰਾਏਲ ਦੇ ਮਹਾਂਯਾਜਕ, ਏਲੀ ਉੱਪਰ ਜ਼ਾਹਰ ਕਰਦਾ ਹੈ। ਇਸ ਵੇਲੇ ਏਲੀ ਆਤਮਿਕ ਤੌਰ ਤੇ ਕਮਜ਼ੋਰ ਹੋ ਚੁੱਕਾ ਸੀ। ਪ੍ਰਮੇਸ਼ਵਰ ਉਸ ਨਾਲ ਗੱਲ ਕਰਕੇ ਉਸਨੂੰ ਪਾਪ ਨੂੰ ਨਾ ਰੋਕਣ ਅਤੇ ਸਮਝੌਤੇ ਦਾ ਜੀਵਨ ਜੀਣ ਖਿਲਾਫ ਚੇਤਾਵਨੀ ਦੇ ਰਿਹਾ ਸੀ। ਪਰੰਤੂ ਏਲੀ ਨੇ ਪ੍ਰਮੇਸ਼ਵਰ ਦੀਆਂ ਗੱਲਾਂ ਨੂੰ ਅਣਸੁਣਾ ਕਰਦਾ ਰਿਹਾ। ਅਤੇ ਹੁਣ ਇਹ ਅਣਜਾਣ ਨਬੀ ਏਲੀ ਨੂੰ ਆਖਦਾ ਹੈ, "ਯਹੋਵਾਹ ਇਸਰਾਏਲ ਦੇ ਪ੍ਰਮੇਸ਼ਵਰ ਦਾ ਵਾਕ ਹੈ ਕਿ ਮੈਂ ਆਖਿਆ ਤਾਂ ਸਹੀ ਭਈ ਤੇਰਾ ਟੱਬਰ ਅਤੇ ਤੇਰੇ ਪਿਓ ਦਾ ਟੱਬਰ ਮੇਰੇ ਅੱਗੇ ਤੁਰੇ ਪਰ ਹੁਣ ਯਹੋਵਾਹ ਦਾ ਵਾਕ ਹੈ ਕਿ ਇਹ ਮੈਥੋਂ ਦੂਰ ਹੋਵੇ ਕਿਉਂ ਜੋ ਉਹ ਜਿਹੜੇ ਮੇਰਾ ਆਦਰ ਕਰਦੇ ਹਨ ਮੈਂ ਵੀ ਉਨ੍ਹਾਂ ਦਾ ਆਦਰ ਕਰਾਂਗਾ ਪਰ ਉਹ ਜੋ ਮੇਰੀ ਨਿੰਦਿਆ ਕਰਦੇ ਹਨ ਸੋ ਤੁੱਛ ਸਮਝੇ ਜਾਣਗੇ" (1 ਸਮੂਏਲ 2:30)।

ਸ਼ਬਦ "ਤੁੱਛ ਸਮਝੇ ਜਾਣਗੇ" ਤੋਂ ਭਾਵ ਹੈ ਕਿ ਪ੍ਰਮੇਸ਼ਵਰ ਆਪਣੀ ਹਜ਼ੂਰੀ ਉਨ੍ਹਾਂ ਤੋਂ ਹਟਾ ਲਵੇਗਾ। ਇਸਦਾ ਇਹ ਅਰਥ ਨਹੀਂ ਕਿ ਉਹ ਮਨੁੱਖ ਨਾਸ਼ ਹੋ ਜਾਵੇਗਾ ਬਲਕਿ ਇਹ ਕਿ ਹੁਣ ਉਸਨੂੰ ਉਸਦੇ ਸਰੀਰ ਦੀ ਸਮਰੱਥ ਨਾਲ ਚੱਲਣਾ ਪਵੇਗਾ।ਪ੍ਰਮੇਸ਼ਵਰ ਏਲੀ ਨੂੰ ਆਖਦਾ ਹੈ, "ਮੈਂ ਤੈਨੂੰ ਅਰ ਤੇਰੇ ਘਰਾਣੇ ਨੂੰ ਬਰਕਤ ਦੇਣੀ ਚਾਹੁੰਦਾ ਸੀ, ਪਰੰਤੂ ਤੂੰ ਮੇਰਾ ਤਿਰਸਕਾਰ ਕੀਤਾ ਹੈ, ਤੂੰ ਪਾਪ ਪ੍ਰਤੀ ਨਰਮ ਰਵੱਈਆ ਅਪਣਾਇਆ ਅਤੇ ਆਪਣੀਆਂ ਕਾਮਨਾਵਾਂ ਕਰਕੇ ਮੈਨੂੰ ਲਾਂਭੇ ਕਰ ਦਿੱਤਾ ਹੈ!"

ਬਹੁਤ ਸਾਰੇ ਲੋਕ ਸ਼ੁਰੂਆਤ ਵਿੱਚ ਬੜੇ ਜੋਸ਼ੀਲੇ ਵਿਸ਼ਵਾਸ ਨਾਲ ਮਸੀਹ ਕੋਲ ਆਉਂਦੇ ਹਨ। ਪਰੰਤੂ ਸਮੇਂ ਦੇ ਨਾਲ ਉਨ੍ਹਾਂ ਦਾ ਜੋਸ਼ ਕਮਜ਼ੋਰ ਪੈ ਜਾਂਦਾ ਹੈ ਅਤੇ ਉਹ ਪ੍ਰਭੂ ਨੂੰ ਨਜ਼ਰਅੰਦਾਜ਼ ਕਰਨ ਲਗਦੇ ਹਨ। ਉਹ ਉਸਦੇ ਹੁਕਮਾਂ ਨੂੰ ਹਲਕੇ ਵਿੱਚ ਲੈਣ ਲਗਦੇ ਹਨ ਅਰ ਪੁਰਾਣੇ ਪਾਪੀ ਮਾਰਗਾਂ ਉੱਪਰ ਮੁੜ ਜਾਂਦੇ ਹਨ। ਫਿਰ ਵੀ ਉਹ ਸੋਚਦੇ ਹਨ ਕਿ ਪ੍ਰਭੂ ਦੀ ਹਜ਼ੂਰੀ ਉਨ੍ਹਾਂ ਦੇ ਨਾਲ ਹੀ ਹੈ। ਨਹੀਂ ਇਹ ਇੱਕ ਭਰਮ, ਇੱਕ ਝੂਠ ਅਰ ਇੱਕ ਧੋਖਾ ਹੈ। ਬਾਈਬਲ ਸਪੱਸ਼ਟ ਕਰਦੀ ਹੈ ਕਿ: ਜੇਕਰ ਤੁਸੀਂ ਉਸਨੂੰ ਛੱਡ ਦਿਓਗੇ ਤਾਂ ਉਹ ਵੀ ਤੁਹਾਨੂੰ ਛੱਡ ਦੇਵੇਗਾ!

ਪ੍ਰਮੇਸ਼ਵਰ ਦੇ ਵਾਅਦੇ ਕਦੇ ਵੀ ਅਸਫ਼ਲ ਨਹੀਂ ਹੁੰਦੇ। ਪਰੰਤੂ ਉਸਦੇ ਕੁਝ ਨੇਮ-ਜਿਵੇਂ ਕਿ ਉਸਦੀ ਹਜ਼ੂਰੀ ਦਾ ਨੇਮ ਸ਼ਰਤ ਨਾਲ ਆਉਂਦੇ ਹਨ। ਇਹ ਸਾਡੇ ਸਧਾਰਨ ਸਹਿਯੋਗ ਤੋਂ ਵਧੀਕ ਦੀ ਮੰਗ ਕਰਦੇ ਹਨ। ਇਹ ਸੱਚ ਹੈ ਕਿ ਪ੍ਰਮੇਸ਼ਵਰ ਨਾ ਹੀ ਸਾਨੂੰ ਤਿਆਗਦਾ ਅਰ ਨਾ ਹੀ ਸਾਨੂੰ ਪਿਆਰ ਕਰਨਾ ਬੰਦ ਕਰਦਾ ਹੈ। ਪਰੰਤੂ ਜੇ ਅਸੀਂ ਪਾਪ ਵਿੱਚ ਹੀ ਬਣੇ ਰਹੀਏ ਤਾਂ ਉਸਦੀ ਹਜ਼ੂਰੀ ਸਾਡੇ ਨਾਲ ਨਹੀਂ ਰਹੇਗੀ ਅਤੇ ਅਸੀਂ ਉਸਦੇ ਸਮਰੱਥੀ ਯੰਤਰ ਨਹੀਂ ਬਣ ਸਕਾਂਗੇ। ਅਸੀਂ ਸਰੀਰ ਅਨੁਸਾਰ- ਅਸੰਤੁਸ਼ਟ, ਭਟਕਣ ਵਾਲਾ ਅਤੇ ਬੇਮੁਹਾਰਾ ਜੀਵਨ ਜੀਵਾਂਗੇ!

**ਅਸੀਂ ਪ੍ਰਮੇਸ਼ਵਰ ਦੇ ਜਲਾਲ ਨੂੰ ਉਦੋਂ ਹੀ ਵੇਖ, ਸਮਝ ਅਰ ਮਹਿਸੂਸ ਕਰ ਸਕਦੇ ਹਾਂ ਜਦੋਂ ਉਸਦੀ ਹਜ਼ੂਰੀ ਸਾਡੇ ਨਾਲ ਹੋਵੇ।**

ਜਦੋਂ ਇਸਰਾਏਲ ਜੰਗਲ ਵਿੱਚ ਸੀ ਤਾਂ ਪ੍ਰਮੇਸ਼ਵਰ ਨੇ ਆਪਣੀ ਹਜ਼ੂਰੀ ਨੂੰ ਬੱਦਲ ਰਾਹੀਂ ਵਿਖਾਇਆ। ਇਹ ਬੱਦਲ ਪ੍ਰਮੇਸ਼ਵਰ ਦੇ ਇਸਰਾਏਲੀਆਂ ਨਾਲ ਰਹਿਣ ਦੇ ਵਾਅਦੇ ਦਾ ਭੌਤਿਕ ਪ੍ਰਗਟੀਕਰਨ ਸੀ। ਬੱਦਲ ਰਾਤ ਦਿਨ ਮਿਲਾਪ ਦੇ ਤੰਬੂ ਉੱਪਰ ਛਾਇਆ ਰਹਿੰਦਾ ਸੀ। ਅਤੇ ਸਭ ਕੰਮਾਂ ਵਿੱਚ ਇਹ ਉਨ੍ਹਾਂ ਦੀ ਅਗਵਾਈ ਕਰਦਾ ਸੀ। ਜਦੋਂ ਬੱਦਲ ਅੱਗੇ ਵਧਦਾ, ਇਸਰਾਏਲੀ ਵੀ ਅੱਗੇ ਵਧਦੇ ਅਰ ਜਦੋਂ ਬੱਦਲ ਠਹਿਰ ਜਾਂਦਾ ਤਾਂ ਉਹ ਵੀ ਠਹਿਰ ਜਾਂਦੇ ਸਨ। ਲੋਕਾਂ ਨੂੰ ਅਗਵਾਈ ਪਾਉਣ ਅਤੇ ਅਗਾਂਹ ਵਧਣ ਲਈ ਕਿਸੇ ਕਮੇਟੀ ਦੀ ਮੀਟਿੰਗ ਨਹੀਂ ਬੁਲਾਉਣੀ ਪੈਂਦੀ ਸੀ। ਉਹ ਆਪਣਾ ਭਰੋਸਾ ਉਸ ਬੱਦਲ ਵਿਚਲੀ ਪ੍ਰਮੇਸ਼ਵਰ ਦੀ ਹਜ਼ੂਰੀ ਉੱਪਰ ਰੱਖਦੇ ਸਨ।

ਪ੍ਰਮੇਸ਼ਵਰ ਦੀ ਹਜ਼ੂਰੀ ਦਾ ਓਹੀ ਬੱਦਲ ਅੱਜ ਤੁਹਾਡੇ ਪ੍ਰਾਰਥਨਾ ਦੇ ਗੁਪਤ ਸਥਾਨ ਉੱਤੇ ਉੱਤਰਦਾ ਹੈ। ਹਰ ਦਿਨ ਤੁਹਾਨੂੰ ਆਪਣੀ ਸ਼ਾਂਤੀ ਵਿੱਚ ਛੁਪਾਉਣ ਲਈ ਇਹ ਤੁਹਾਡਾ ਇੰਤਜ਼ਾਰ ਕਰਦਾ ਹੈ। ਇਹ ਤੁਹਾਡੀ ਅਗਵਾਈ ਕਰੇਗਾ; ਤੁਹਾਨੂੰ ਬਲ ਅਰ ਸ਼ਾਂਤੀ ਬਖ਼ਸ਼ੇਗਾ।ਤੁਹਾਡੇ ਘਰ, ਕੰਮਕਾਜ ਅਤੇ ਰਿਸ਼ਤਿਆਂ ਵਿੱਚ ਇਹ ਤੁਹਾਡੀ ਪੂਰੀ ਰਹਿਨੁਮਾਈ ਕਰੇਗਾ।

ਤੁਹਾਡੀ ਪ੍ਰਾਰਥਨਾ ਦਾ ਗੁਪਤ ਸਥਾਨ ਕਿਤੇ ਵੀ ਹੋ ਸਕਦਾ ਹੈ- ਨਹਾਉਣ ਦੀ ਜਗ੍ਹਾ, ਕੰਮ ਤੇ ਜਾਂਦੇ ਵੇਲੇ ਬੱਸ ਵਿੱਚ, ਕਿਸੇ ਕਾਰ ਵਿਹਾਰ ਤੇ ਆਉਂਦੇ ਜਾਂਦੇ। ਤੁਸੀਂ ਸਭ ਕਾਸੇ ਤੋਂ ਧਿਆਨ ਹਟਾ ਕੇ ਪ੍ਰਭੂ ਨੂੰ ਆਖ ਸਕਦੇ ਹੋ, "ਪ੍ਰਭੂ ਮੈਨੂੰ ਇਹ ਅੱਧਾ ਘੰਟਾ ਮਿਲਿਆ ਹੈ। ਪ੍ਰਭੂ ਯਿਸੂ ਮੈਂ ਤੁਹਾਨੂੰ ਪਿਆਰ ਕਰਦਾ ਹਾਂ ਅਰ ਤੁਹਾਡੀ ਅਰਾਧਨਾ ਕਰਦਾ ਹਾਂ। ਇਹ ਮੇਰਾ ਤੁਹਾਡੇ ਨਾਲ ਗੁਪਤ ਸਮਾਂ ਹੈ!"

ਪ੍ਰਮੇਸ਼ਵਰ ਨਾਲ ਲਗਾਤਾਰ ਪ੍ਰਾਰਥਨਾ ਦਾ ਅਜਿਹਾ ਰਿਸ਼ਤਾ ਬਣਾਉਣਾ ਇੱਕ ਮੁਬਾਰਕ ਗੱਲ ਹੈ।ਪ੍ਰਮੇਸ਼ਵਰ ਦਾ ਵਾਅਦਾ ਹੈ ਕਿ ਜਦੋਂ ਤੁਸੀਂ ਪ੍ਰਾਰਥਨਾ ਕਰਨ ਵਾਲੇ ਅਰ ਉਸਦੇ ਚਾਹਵੰਦ ਸੇਵਕ ਬਣ ਜਾਂਦੇ ਹੋ ਤਾਂ ਉਸਦੀ ਹਜ਼ੂਰੀ ਤੁਹਾਡੇ ਜੀਵਨ ਵਿੱਚ ਕੰਮ ਕਰਦੀ ਹੈ ਅਤੇ ਅਲੌਕਿਕ ਢੰਗ ਨਾਲ ਦਰਵਾਜ਼ਿਆਂ ਨੂੰ ਖੋਲਦੀ ਅਰ ਬੰਦ ਕਰਦੀ ਹੈ। ਫਿਰ ਇਸਤੋਂ ਵੀ ਵਧੀਕ ਕੁਝ ਵਾਪਰਦਾ ਹੈ- ਪ੍ਰਮੇਸ਼ਵਰ ਦੀ ਹਜ਼ੂਰੀ ਤੁਹਾਨੂੰ ਉਸਦੇ ਜਲਾਲ ਦੇ ਪ੍ਰਕਾਸ਼ ਵਿੱਚ ਲੈ ਜਾਂਦੀ ਹੈ!

ਪ੍ਰਮੇਸ਼ਵਰ ਦੀ ਹਜ਼ੂਰੀ ਅਰ ਉਸਦੇ ਜਲਾਲ ਵਿੱਚ ਅੰਤਰ ਹੈ। ਜ਼ਿਆਦਾਤਰ ਮਸੀਹੀ ਜੀਵਨ

## ਸੰਸਾਰ ਬੇਦਾਰੀ ਲਈ ਪ੍ਰਾਰਥਨਾ ਦੀ ਪੁਕਾਰ!

## ਬੁਲਾਵੇ ਦੀ ਗੂੰਜ ਸੇਵਕਾਈਆਂ ਅਤੇ ਹੋਰ ਕਲੀਸਿਆਵਾਂ ਅਰ ਸੰਸਥਾਵਾਂ ਵਿੱਚ ਬੇਦਾਰੀ ਲਈ ਵਿਸ਼ਵ-ਵਿਆਪੀ ਪ੍ਰਾਰਥਨਾ ਦਿਵਸ!!

ਅਸੀਂ ਸੰਸਾਰ ਭਰ ਵਿੱਚ ਵੱਸਦੇ ਆਪਣੇ ਸਭ ਮਿੱਤਰਾਂ ਨੂੰ ਨਿਮਰ ਨਿਵੇਦਨ ਕਰਦੇ ਹਾਂ ਕਿ ਉਹ 1 ਮਈ, 2020 ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬੁਲਾਵੇ ਦੀ ਗੂੰਜ ਸੇਵਕਾਈਆਂ ਅਤੇ ਹੋਰ ਚਰਚਾਂ ਅਰ ਸੰਸਥਾਵਾਂ ਦੀ ਬੇਦਾਰੀ ਲਈ ਪ੍ਰਾਰਥਨਾ ਦਿਵਸ ਵੱਜੋਂ ਮਨਾਉਣ। ਚੇਨੰਈ, ਭਾਰਤ ਵਿਚਲੇ ਮੁੱਖ ਚਰਚ ਵਿੱਚ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ ਹੈ। ਅਸੀਂ ਚੇਨੰਈ ਅਰ ਭਾਰਤ ਤੋਂ ਬਾਹਰ ਰਹਿੰਦੇ ਆਪਣੇ ਮਿੱਤਰਾਂ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਜਿੱਥੇ ਕਿਤੇ ਵੀ ਰਹਿੰਦੇ ਹਨ ਉਨ੍ਹਾਂ ਥਾਵਾਂ ਤੇ ਹੀ, ਇਸੇ ਦਿਨ ਅਤੇ ਇਸੇ ਸਮੇਂ ਤੇ ਪ੍ਰਾਰਥਨਾ ਸਭਾਵਾਂ ਕਰਨ। ਪ੍ਰਾਰਥਨਾ ਵਿਸ਼ੇ ਬਾਦ ਵਿੱਚ ਭੇਜੇ ਜਾਣਗੇ। ਇਹ ਭਾਰਤ ਅਤੇ ਸੰਸਾਰ ਦੇ ਬਾਕੀ ਦੇਸ਼ਾਂ ਲਈ ਪ੍ਰਾਰਥਨਾ ਕਰਨ ਦਾ ਢੁਕਵਾਂ ਵੇਲਾ ਹੈ।

ਪ੍ਰਾਰਥਨਾ ਉਹ ਤਾਕਤ ਹੈ ਜਿਹੜੀ ਉਸ ਹੱਥ ਨੂੰ ਹਿਲਾਉਂਦੀ ਹੈ ਜੋ ਸੰਸਾਰ ਨੂੰ ਹਿਲਾਉਂਦਾ ਹੈ!

ਪਾ. ਐੱਸ. ਸੈਮ ਸੇਲਵਾ ਰਾਜ
ਬੁਲਾਵੇ ਦੀ ਗੂੰਜ

ਵਿੱਚ ਉਸਦੀ ਹਜ਼ੂਰੀ- ਉਸਦੇ ਵੱਡੇ ਕੰਮਾਂ ਨੂੰ ਹੀ ਜਾਣਦੇ ਹਨ-ਪਰੰਤੂ ਥੋੜੇ ਹੀ ਉਸਦੇ ਜਲਾਲ ਤੋਂ ਜਾਣੂ ਹਨ। ਕੂਚ ਵਿੱਚ ਅਸੀਂ ਇਸ ਅੰਤਰ ਦੀ ਝਲਕ ਵੇਖ ਸਕਦੇ ਹਾਂ, "ਤਦ ਬੱਦਲ ਮੰਡਲੀ ਦੇ ਤੰਬੂ ਉੱਤੇ ਛਾ ਗਿਆ ਅਤੇ ਯਹੋਵਾਹ ਦੇ ਪਰਤਾਪ ਨੇ ਡੇਹਰੇ ਨੂੰ ਭਰ ਦਿੱਤਾ" (ਕੂਚ 40:34)।

ਪੌਲੁਸ ਰਸੂਲ ਲਿਖਦਾ ਹੈ ਕਿ ਸਭ ਵਿਸ਼ਵਾਸੀਆਂ ਦਾ ਸਰੀਰ ਪ੍ਰਮੇਸ਼ਵਰ ਦੇ ਮਿਲਾਪ ਦਾ ਤੰਬੂ ਹੈ: "ਕੀ ਤੁਸੀਂ ਇਹ ਨਹੀਂ ਜਾਣਦੇ ਕਿ ਤੁਸੀਂ ਪ੍ਰਮੇਸ਼ਵਰ ਦੀ ਹੈਕਲ ਹੋ ਅਰ ਪ੍ਰਮੇਸ਼ਵਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੈ?" (1 ਕੁਰਿੰਥੀਆਂ 3:16)। ਜਿਵੇਂ ਇਸਰਾਏਲੀ ਪ੍ਰਮੇਸ਼ਵਰ ਦੀ ਹਜ਼ੂਰੀ ਦੇ ਬੱਦਲ ਹੇਠ ਰਹਿੰਦੇ ਸਨ, ਅਸੀਂ ਵੀ ਪ੍ਰਮੇਸ਼ਵਰ ਦੀ ਕਿਰਪਾ ਦੇ ਤੰਬੂ ਹੇਠ ਰਹਿੰਦੇ ਹਾਂ। ਫਿਰ ਵੀ ਪ੍ਰਮੇਸ਼ਵਰ ਦੀ ਹਜ਼ੂਰੀ ਵਿੱਚ ਰਹਿਣ ਅਰ ਉਸਦੇ ਜਲਾਲ ਨੂੰ ਵੇਖਣ ਵਿੱਚ ਅੰਤਰ ਹੈ।

## ਪ੍ਰਮੇਸ਼ਵਰ ਨੇ ਮੂਸਾ ਨੂੰ ਆਪਣਾ ਜਲਾਲ ਵਿਖਾਇਆ।

ਮੂਸਾ ਚਾਹੁੰਦਾ ਸੀ ਕਿ ਪ੍ਰਮੇਸ਼ਵਰ ਦੀ ਹਜ਼ੂਰੀ ਲਗਾਤਾਰ ਉਸਦੇ ਨਾਲ ਰਹੇ: "...ਕਿ ਮੈਂ ਤੈਨੂੰ ਜਾਣਾਂ..." ਅਤੇ ਪ੍ਰਮੇਸ਼ਵਰ ਨੇ ਉਸਨੂੰ ਉੱਤਰ ਦਿੱਤਾ, "...ਮੇਰੀ ਹਜ਼ੂਰੀ ਤੇਰੇ ਸੰਗ ਜਾਵੇਗੀ ਅਤੇ ਮੈਂ ਤੈਨੂੰ ਵਿਸਰਾਮ ਦਿਆਂਗਾ" (ਕੂਚ 33:13-14)।

ਬਹੁਤੇ ਵਿਸ਼ਵਾਸੀਆਂ ਲਈ ਮੂਸਾ ਦੀ ਬੇਨਤੀ ਕਾਫ਼ੀ ਹੈ। ਅਸੀਂ ਸਭ ਪ੍ਰਮੇਸ਼ਵਰ ਦੀ ਹਜ਼ੂਰੀ ਨੂੰ ਚਾਹੁੰਦੇ ਹਾਂ-ਕਿ ਉਹ ਸਾਨੂੰ ਚਲਾਵੇ, ਸਾਡੀ ਅਗਵਾਈ ਕਰੇ, ਸਾਨੂੰ ਬਲ ਬਖ਼ਸ਼ੇ ਅਰ ਸਾਨੂੰ ਬਰਕਤ ਦੇਵੇ; ਅਤੇ ਇੱਕ ਵਿਸ਼ਵਾਸੀ ਇਸਤੋਂ ਵੱਧ ਹੋਰ ਕੀ ਚਾਹੇਗਾ? ਪਰੰਤੂ ਮੂਸਾ ਲਈ ਕੇਵਲ ਪ੍ਰਮੇਸ਼ਵਰ ਦੀ ਹਜ਼ੂਰੀ ਹੀ ਕਾਫ਼ੀ ਨਹੀਂ ਸੀ। ਉਹ ਜਾਣਦਾ ਸੀ ਇਸਤੋਂ ਅੱਗੇ ਵੀ ਕੁਝ ਹੈ, ਅਤੇ ਉਸਨੇ ਆਖਿਆ, "...ਮੈਨੂੰ ਆਪਣਾ ਤੇਜ ਵਿਖਾਈਂ" (ਕੂਚ 33:18)।

ਪ੍ਰਮੇਸ਼ਵਰ ਨੇ ਮੂਸਾ ਨੂੰ ਆਪਣਾ ਤੇਜ ਵਿਖਾਇਆ। ਪਰੰਤੂ ਇਹ ਕਿਸੇ ਚਮਕਦਾਰ ਬੱਦਲ ਜਾਂ ਧਰਤੀ ਨੂੰ ਹਿਲਾਉਣ ਵਾਲੀ ਕਿਸੇ ਕਿਰਿਆ ਰਾਹੀਂ ਨਹੀਂ ਵਿਖਾਇਆ।ਪ੍ਰਮੇਸ਼ਵਰ ਨੇ ਆਪਣਾ ਜਲਾਲ ਬੜੇ ਹੀ ਸਧਾਰਨ ਢੰਗ ਨਾਲ ਵਿਖਾਇਆ: "ਯਹੋਵਾਹ ਨੇ ਉਸਦੇ ਅੱਗੋਂ ਲੰਘ ਕੇ ਐਉਂ ਪ੍ਰਚਾਰ ਕੀਤਾ, ਯਹੋਵਾਹ, ਯਹੋਵਾਹ ਦਿਆਲੂ ਅਤੇ ਕਿਰਪਾਲੂ ਪ੍ਰਮੇਸ਼ਵਰ ਹੈ, ਕਰੋਪ ਵਿੱਚ ਧੀਰਜੀ ਅਰ ਭਲਾਈ ਅਤੇ ਸੱਚਾਈ ਨਾਲ ਭਰਪੂਰ ਹੈ, ਅਤੇ ਹਜ਼ਾਰਾਂ ਲਈ ਭਲਾਈ ਰੱਖਣ ਵਾਲਾ ਹੈ ਅਤੇ ਕੁਧਰਮ ਅਪਰਾਧ ਅਰ ਪਾਪ ਦਾ ਬਖ਼ਸ਼ਣਹਾਰ...(ਕੂਚ 34:6-7)। ਪ੍ਰਮੇਸ਼ਵਰ ਦਾ ਤੇਜ ਉਸਦੀ ਭਲਾਈ, ਦਯਾ, ਪਿਆਰ ਅਤੇ ਕਿਰਪਾ ਦਾ ਪ੍ਰਗਟਾਵਾ ਸੀ!

ਮੈਂ ਬਹੁਤ ਸਾਰੇ ਮਸੀਹੀਆਂ ਨੂੰ ਇਹ ਆਖਦੇ ਸੁਣਿਆ ਹੈ, "ਵਾਹ! ਕੱਲ ਰਾਤ ਸਾਡੇ ਚਰਚ ਵਿੱਚ ਪ੍ਰਮੇਸ਼ਵਰ ਦਾ ਜਲਾਲ ਕਿੰਝ ਉੱਤਰਿਆ! ਅਰਾਧਨਾ ਕਿੰਨੀ ਅਦਭੁੱਤ ਸੀ ਅਰ ਲੋਕ ਆਤਮਾ ਵਿੱਚ ਕਾਇਲ ਹੋ ਗਏ ਸਨ।" ਪਰੰਤੂ ਇਹ ਪ੍ਰਮੇਸ਼ਵਰ ਦੇ ਜਲਾਲ ਦਾ ਪ੍ਰਗਟਾਵਾ ਨਹੀਂ। ਇਹ ਮਨੁੱਖ ਦਾ ਇੱਕ ਭਾਵਨਾਤਮਕ ਅਨੁਭਵ ਵੀ ਹੋ ਸਕਦਾ ਹੈ। ਇਸ ਦੁਆਰਾ ਇਹ ਪ੍ਰਗਟ ਨਹੀਂ ਹੁੰਦਾ ਕਿ ਉਹ ਕੌਣ ਹੈ!

ਕੁਝ ਲੋਕ ਇਹ ਆਖ ਸਕਦੇ ਹਨ, "ਫਿਰ ਰੁਪਾਂਤਰਨ ਦੇ ਪਹਾੜ ਉੱਪਰ ਚੇਲਿਆਂ ਦੇ ਅਨੁਭਵ ਬਾਰੇ ਕੀ ਆਖੋਗੇ? ਕੀ ਉਹ ਪ੍ਰਮੇਸ਼ਵਰ ਦੇ ਜਲਾਲ ਦਾ ਪ੍ਰਗਟੀਕਰਨ ਨਹੀਂ ਸੀ? ਉੱਥੇ ਇੱਕ ਅਲੌਕਿਕ ਨੂਰ ਚਮਕਿਆ ਅਰ ਮੂਸਾ ਅਤੇ ਏਲੀਯਾਹ ਵਿਖਾਲੀ ਦਿੱਤੇ।"

ਪਰੰਤੂ ਪ੍ਰਮੇਸ਼ਵਰ ਦਾ ਜਲਾਲ ਮੂਸਾ, ਏਲੀਯਾਹ ਜਾਂ ਉਸ ਰੌਸ਼ਨੀ ਵਿੱਚ ਨਹੀਂ ਸੀ। ਬਲਕਿ ਉਸਦਾ ਜਲਾਲ ਯਿਸੂ ਵਿੱਚ ਸੀ: "...ਉਹਦਾ ਮੂੰਹ ਸੂਰਜ ਵਾਂਗ ਚਮਕਿਆ ਅਤੇ ਉਹ ਦੇ ਕੱਪੜੇ ਚਾਨਣ ਜਿਹੇ ਚਿੱਟੇ ਹੋ ਗਏ...ਬੱਦਲ ਵਿੱਚੋਂ ਇੱਕ ਅਵਾਜ਼ ਆਈ, ਜੋ ਇਹ ਮੇਰਾ ਪਿਆਰਾ ਪੁੱਤਰ ਹੈ ਜਿਸਤੋਂ ਮੈਂ ਪਰਸੰਨ ਹਾਂ; ਉਹ ਦੀ ਸੁਣੋ" (ਮੱਤੀ 17:2-5)।

ਪ੍ਰਮੇਸ਼ਵਰ ਆਖ ਰਿਹਾ ਸੀ, "ਮਸੀਹ ਵਿੱਚ- ਮੇਰਾ ਜਲਾਲ ਪ੍ਰਗਟ ਹੋਇਆ ਹੈ!" ਯਿਸੂ ਉਸ ਸਭ ਕੁਝ ਦੀ ਪੂਰਤੀ ਹੈ ਜੋ ਪ੍ਰਮੇਸ਼ਵਰ ਨੇ ਮੂਸਾ ਨੂੰ ਆਖਿਆ- ਦਿਆਲੂ ਅਤੇ ਕਿਰਪਾਲੂ ਪ੍ਰਮੇਸ਼ਵਰ ਹੈ, ਕਰੋਪ ਵਿੱਚ ਧੀਰਜੀ ਅਰ ਭਲਾਈ ਅਤੇ ਸੱਚਾਈ ਨਾਲ ਭਰਪੂਰ ਹੈ, ਅਤੇ ਹਜ਼ਾਰਾਂ ਲਈ ਭਲਾਈ ਰੱਖਣ ਵਾਲਾ ਹੈ ਅਤੇ ਕੁਧਰਮ ਅਪਰਾਧ ਅਰ ਪਾਪ ਦਾ ਬਖ਼ਸ਼ਣਹਾਰ। ਅਤੇ ਪ੍ਰਮੇਸ਼ਵਰ ਇੱਥੇ ਆਖ ਰਿਹਾ ਸੀ, "ਇਹ ਮੇਰੇ ਜਲਾਲ ਦਾ ਜੀਵਿਤ ਰੂਪ ਹੈ ਜੋ ਇਹ ਮੇਰੇ ਪੁੱਤਰ ਰਾਹੀਂ ਦੇਹਧਾਰੀ ਹੋਇਆ ਹੈ!"

ਮੈਂ ਕਈ ਮਸੀਹੀਆਂ ਨੂੰ ਇਹ ਕਹਿੰਦੇ ਸੁਣਿਆ ਹੈ, "ਜੇਕਰ ਪ੍ਰਭੂ ਮੈਨੂੰ ਨਰਕ ਦੀ ਭਿਆਨਕਤਾ ਦਾ ਦਰਸ਼ਨ ਵਿਖਾਲੇ ਤਾਂ ਮੈਂ ਉਸਨੂੰ ਕਦੇ ਨਹੀਂ ਛੱਡਾਂਗਾ। ਮੈਂ ਹਮੇਸ਼ਾ ਯਿਸੂ ਲਈ ਹੀ ਜੀਵਾਂਗਾ!" ਨਹੀਂ- ਅਜਿਹਾ ਦਰਸ਼ਨ ਕਿਸੇ ਨੂੰ ਵੀ ਸਥਿਰ ਨਹੀਂ ਕਰ ਸਕਦਾ। ਕੇਵਲ ਅਜਿਹਾ ਦਰਸ਼ਨ, ਕਿ ਯਿਸੂ ਕੌਣ ਹੈ-ਉਸਦੇ ਜਲਾਲ, ਦਯਾ ਅਰ ਕਿਰਪਾ ਦਾ ਦਰਸ਼ਨ ਹੀ ਸਾਨੂੰ ਪਵਿੱਤਰ ਬਣਾ ਕੇ ਰੱਖ ਸਕਦਾ ਹੈ। ਮਸੀਹ ਲਈ ਆਪਣਾ ਜੀਵਨ ਸਮਰਪਿਤ ਕਰਨ ਦੀਆਂ ਗੱਲਾਂ ਕਰਨ ਵਾਲੇ ਅਜਿਹੇ ਮਸੀਹੀ ਹਫ਼ਤੇ ਮਗਰੋਂ ਹੀ ਆਪਣਾ ਉਹ ਦਰਸ਼ਨ ਭੁੱਲ ਕੇ ਮੁੜ ਪਾਪ ਦੇ ਰਾਹ ਉੱਤੇ ਚਲੇ ਜਾਂਦੇ ਹਨ।

ਮੂਸਾ ਕਿਉਂ ਇੰਨੀਂ ਤਾਂਘ ਨਾਲ ਪ੍ਰਮੇਸ਼ਵਰ ਦੇ ਜਲਾਲ ਦਾ ਦਰਸ਼ਨ ਚਾਹੁੰਦਾ ਸੀ? ਮੈਂ ਸਮਝਦਾ ਹਾਂ ਉਸਦਾ ਕਾਰਨ ਇਸ ਆਇਤ ਵਿੱਚ ਮਿਲਦਾ ਹੈ: "ਉੱਥੇ ਮੈਂ ਇਸਰਾਏਲੀਆਂ ਨਾਲ ਮਿਲਾਂਗਾ ਅਤੇ ਉਹ ਤੰਬੂ ਮੇਰੇ ਪ੍ਰਤਾਪ ਨਾਲ ਪਵਿੱਤਰ ਕੀਤਾ ਜਾਵੇਗਾ" (ਕੂਚ 29:43)। ਇੱਥੇ 'ਪਵਿੱਤਰ' ਸ਼ਬਦ ਦਾ ਅਰਥ ਹੈ, 'ਸ਼ੁੱਧ ਕਰਨਾ'।ਪ੍ਰਮੇਸ਼ਵਰ ਆਖ ਰਿਹਾ ਸੀ, "ਮੂਸਾ, ਜਦ ਤੂੰ ਅਰ ਬਾਕੀ ਲੋਕ ਮੇਰੀ ਅਰਾਧਨਾ ਕਰਦੇ ਹੋ ਤਾਂ ਮੈਂ ਤੁਹਾਨੂੰ ਮਿਲਾਂਗਾ ਅਤੇ ਆਪਣੀ ਹਜ਼ੂਰੀ ਤੁਹਾਨੂੰ ਦੇਵਾਂਗਾ; ਅਤੇ ਜਦੋਂ ਮੇਰਾ ਜਲਾਲ ਆਵੇਗਾ ਤਾਂ ਉਹ ਤੁਹਾਨੂੰ ਸ਼ੁੱਧ ਕਰੇਗਾ!"

ਇਹ ਬਾਈਬਲ ਦੀਆਂ ਸਭ ਤੋਂ ਸਮਰੱਥੀ ਆਇਤਾਂ ਵਿੱਚੋਂ ਇੱਕ ਹੈ। ਇਹ ਹਰੇਕ ਉਸ ਮਨੁੱਖ ਨੂੰ ਉਮੀਦ ਦਿੰਦੀ ਹੈ ਜੋ ਗੰਭੀਰ ਪਾਪਾਂ ਤੋਂ ਛੁਟਕਾਰਾ ਪਾਉਣਾ ਅਤੇ ਪਵਿੱਤਰ ਹੋਣਾ ਚਾਹੁੰਦਾ ਹੈ। ਪ੍ਰਮੇਸ਼ਵਰ ਵਾਅਦਾ ਕਰਦਾ ਹੈ ਕਿ "ਤੁਹਾਡਾ ਮੰਦਰ ਮੇਰੇ ਜਲਾਲ ਦੇ ਪ੍ਰਕਾਸ਼ ਨਾਲ ਸਵੱਛ ਹੋ ਜਾਵੇਗਾ। ਅਤੇ ਉਹ ਪ੍ਰਕਾਸ਼ਨ ਮੇਰੇ ਪੁੱਤਰ ਯਿਸੂ ਮਸੀਹ ਦੇ ਰੂਪ ਵਿੱਚ ਤੁਹਾਡੇ ਲਈ ਅੱਜ ਵੀ ਉਪਲੱਭਦ ਹੈ!"

ਮਸੀਹ ਦਾ ਇਹ ਪ੍ਰਕਾਸ਼ ਅਸੀਂ ਕਿੱਥੇ ਵੇਖ ਸਕਦੇ ਹਾਂ? ਅਸੀਂ ਇਸਨੂੰ ਪਵਿੱਤਰ ਬਾਈਬਲ ਵਿੱਚ ਹੀ ਵੇਖ ਸਕਦੇ ਹਾਂ! ਪੌਲੁਸ ਆਖਦਾ ਹੈ ਜਦ ਅਸੀਂ ਕਲਾਮ ਦੇ ਵਧਦੇ ਜਾਂਦੇ ਤੇਜ ਨੂੰ ਜੋ ਯਿਸੂ ਦਾ ਪ੍ਰਤੀਬਿੰਬ ਹੈ ਆਪਣੇ ਉੱਪਰ ਚਮਕਣ ਦਿੰਦੇ ਹਾਂ ਤਾਂ ਅਸੀਂ ਜਲਾਲ ਤੋਂ ਜਲਾਲ ਵਲ ਵਧਦੇ ਜਾਂਦੇ ਹਾਂ, "ਅਸੀਂ ਸਭ ਅਣਕੱਜੇ ਮੁੱਖ ਨਾਲ ਪ੍ਰਭੂ ਦੇ ਤੇਜ ਦਾ ਮਾਨੋ ਸ਼ੀਸ਼ੇ ਵਿੱਚ ਪ੍ਰਤੀਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ

(ਚਲਦਾ ਸਫਾ 10 ਤੇ)

## ਬੁਲਾਵੇ ਦੀ ਗੂੰਜ ਸੇਵਕਾਈ ਦੇ ਨਹਮਯਾਹ ਬਾਈਬਲ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਸਭਾ

ਸਥਾਨ: ਨਹਮਯਾਹ ਬਾਈਬਲ ਕਾਲਜ, 10, ਮੁਹੰਮਦ ਅਬਦੁੱਲਾ ਗਲੀ ਨੰ: 2, ਬੈੱਲਸ ਰੋਡ, ਚੇਪੌਕ, ਚੇਨੱਈ-600005

ਸਮਾਂ: 16 ਮਾਰਚ, 2020, ਸ਼ਾਮ 5 ਵਜੇ ਤੋਂ ਸ਼ਾਮ 7 ਵਜੇ ਤੱਕ

ਅਸੀਂ ਬੁਲਾਵੇ ਦੀ ਗੂੰਜ, ਨਹਮਯਾਹ ਬਾਈਬਲ ਕਾਲਜ, ਬਾਈਬਲਕੋਰ ਥਿਆਲੋਜੀਕਲ ਪੱਤਰ ਵਿਹਾਰ ਕੋਰਸ ਦੇ ਸਭ ਸਾਬਕਾ ਵਿਦਿਆਰਥੀਆਂ ਨੂੰ ਸੱਦਾ ਦਿੰਦੇ ਹਾਂ।

| | | |
|---|---|---|
| ਰੇਵ. ਡਾ. ਏਬੀ ਰੇਨਰ ਸਟਰਾਸ | ਪਾ. ਐੱਸ.ਸੈਮ ਸੇਲਵਾ ਰਾਜ | ਪਾ. ਅਲੈਕਸ ਸੈਮ |
| ਪ੍ਰਿੰਸੀਪਲ | ਪ੍ਰੈਜ਼ੀਡੈਂਟ | ਡਾਇਰੈਕਟਰ |

## ਨਹਮਯਾਹ ਬਾਈਬਲ ਕਾਲਜ ਗ੍ਰੈਜੂਏਸ਼ਨ ਸਭਾ

ਕਿਰਪਾ ਕਰਕੇ 13 ਜੂਨ, 2020, ਸ਼ਨੀਵਾਰ ਨੂੰ ਸ਼ਾਮ 4 ਵਜੇ, ਬਾਲਰ ਕਲਵੀ ਨਿੱਤਯਮ ਹਾਲ, ਅਨੀਤਾ ਮੈਟ੍ਰਿਕੁਲੇਸ਼ਨ ਸਕੂਲ, ਇਦਰਡਨ ਰੋਡ ਪੁਰਾਸਾਵੱਕਮ. ਚੇਨੱਈ-600010



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜ਼ਿੰਦਗੀ ਦੇ ਅਨੁਭਵ)

"ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)

## "ਮੈਂ ਤਾਂ ਮਸਕੀਨ ਤੇ ਕੰਗਾਲ ਹਾਂ ਫਿਰ ਵੀ ਯਹੋਵਾਹ ਮੇਰੀ ਚਿੰਤਾ ਕਰਦਾ ਹੈ..." (ਜ਼ਬੂਰ 40:17)

ਲਗਭਗ ਚਾਲੀ ਸਾਲ ਪਹਿਲਾਂ ਚੇਨੱਈ ਵਿੱਚ ਇੱਕ ਅਦਭੁੱਤ ਬੇਦਾਰੀ ਸਭਾ ਹੋਈ। ਕੁਝ ਮਹਾਨ ਪ੍ਰਚਾਰਕ ਦੱਖਣੀ ਅਫ਼ਰੀਕਾ ਤੋਂ ਆਏ ਸਨ। ਪ੍ਰਮੇਸ਼ਵਰ ਨੇ ਉਨ੍ਹਾਂ ਰਾਹੀਂ ਮਹਾਨ ਚਮਤਕਾਰ ਵਿਖਾਏ। ਹਜ਼ਾਰਾਂ ਲੋਕਾਂ ਨੇ ਜੀਵਨ ਵਿੱਚ ਪਹਿਲੀ ਵਾਰ ਅਜਿਹੇ ਚਮਤਕਾਰਾਂ ਨੂੰ ਵੇਖਿਆ ਅਰ ਪ੍ਰਭੂ ਯਿਸੂ ਮਸੀਹ ਦੇ ਸੁਸਮਾਚਾਰ ਨੂੰ ਸੁਣਿਆ। ਮੈਂ ਇੱਕ ਸਵੈਇੱਛੁਕ ਕਰਮਚਾਰੀ ਵੱਜੋਂ ਉਨ੍ਹਾਂ ਦੀ ਸਹਾਇਤਾ ਕਰ ਰਿਹਾ ਸੀ।

ਆਖ਼ਰੀ ਮੀਟਿੰਗ ਖ਼ਤਮ ਹੋਣ ਤੋਂ ਬਾਦ ਮਹਿਮਾਨਾਂ ਅਰ ਸਭ ਸੇਵਾਦਾਰਾਂ ਦੀ, ਜਿਨ੍ਹਾਂ ਨੇ ਮੀਟਿੰਗਾਂ ਦੇ ਆਯੋਜਨ ਵਿੱਚ ਮਦਦ ਕੀਤੀ ਸੀ, ਇੱਕ ਛੋਟੀ ਸਭਾ ਹੋਈ। ਅਚਾਨਕ, ਦੱਖਣੀ ਅਫ਼ਰੀਕਾ ਤੋਂ ਆਏ ਮੁੱਖ ਮਹਿਮਾਨ ਨੇ ਮੈਨੂੰ ਬੁਲਾਇਆ, ਮੇਰੇ ਬਾਰੇ ਪੁੱਛਿਆ, ਅਤੇ ਬੈਂਨਰ ਲਗਾਉਣ, ਲੋਕਾਂ ਦਾ ਸਵਾਗਤ ਕਰਨ ਅਤੇ ਬੇਦਾਰੀ ਸਭਾਵਾਂ ਵਿੱਚ ਆਉਣ ਵਾਲੇ ਸਭ ਲੋਕਾਂ ਦੀ ਸਹਾਇਤਾ ਕਰਨ ਦੇ ਰੂਪ ਵਿੱਚ ਕੀਤੀ ਸੇਵਾ ਲਈ ਮੇਰੀ ਸ਼ਲਾਘਾ ਕੀਤੀ।

ਉਨ੍ਹਾਂ ਨੇ ਮੈਨੂੰ ਇਹ ਵੀ ਪੁੱਛਿਆ ਕੀ ਮੈਂ ਕਿੱਥੋਂ ਆਉਂਦਾ ਹਾਂ ਅਤੇ ਨਾਲ ਹੀ ਬੇਨਤੀ ਕੀਤੀ ਕਿ ਕੀ ਮੈਂ ਕੱਲ ਸਵੇਰੇ 4 ਵਜੇ ਉਨ੍ਹਾਂ ਦੇ ਵਾਪਿਸ ਜਾਣ ਵੇਲੇ ਉਨ੍ਹਾਂ ਨੂੰ ਹਵਾਈ ਅੱਡੇ ਤੇ ਮਿਲਣ ਆ ਸਕਦਾ ਹਾਂ। ਮੈਂ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਇਹ ਮੇਰੇ ਲਈ ਕਠਿਨ ਹੋਵੇਗਾ ਕਿਉਂਕਿ ਮੇਰੇ ਕੋਲ ਇੱਕ ਪੁਰਾਣਾ ਜਿਹਾ ਸਾਈਕਲ ਹੈ ਅਰ ਉਹ ਵੀ ਅਜਿਹੀ ਖਸਤਾ ਹਾਲਤ ਵਿੱਚ ਹੈ ਕਿ ਮੇਰੇ ਘਰ ਤੋਂ ਹਵਾਈ ਅੱਡੇ ਤੱਕ ਦੀ 25 ਕਿਲੋਮੀਟਰ ਦੀ ਯਾਤਰਾ ਨਹੀਂ ਕਰ ਪਾਵੇਗਾ।

ਉਸੇ ਵੇਲੇ ਉਨ੍ਹਾਂ ਆਪਣੇ ਆਸਪਾਸ ਵੇਖਿਆ ਅਰ ਸ਼ਹਿਰ ਦੇ ਇੱਕ ਮਹਾਨ ਸੁਸਮਾਚਾਰਕ ਨੂੰ ਨਾਮ ਲੈ ਕੇ ਅਵਾਜ਼ ਮਾਰੀ ਅਰ ਆਖਿਆ, "ਇਹ ਬ੍ਰ. ਸੈਮ ਸੇਲਵਾ ਰਾਜ ਹਨ। ਮੈਂ ਵੇਖਿਆ ਹੈ ਕਿ ਇਨ੍ਹਾਂ ਨੇ ਸਵੈਇੱਛਾ ਨਾਲ ਬਹੁਤ ਵਧੀਆ ਸੇਵਾ ਕੀਤੀ ਹੈ ਅਤੇ ਮੈਂ ਇਨ੍ਹਾਂ ਦੇ ਜੀਵਨ ਵਿੱਚ ਕੁਝ ਵਿਸ਼ੇਸ਼ ਵੇਖਦਾ ਹਾਂ। ਭਾਰਤ ਤੋਂ ਜਾਣ ਤੋਂ ਪਹਿਲਾਂ, ਹਵਾਈ ਅੱਡੇ ਤੇ ਮੈਂ ਇਨ੍ਹਾਂ ਨਾਲ ਕੁਝ ਸਮਾਂ ਬਿਤਾਉਣਾ ਚਾਹੁੰਦਾ ਹਾਂ। ਕਿਉਂਕਿ ਇਹ ਬਹੁਤ ਗਰੀਬ ਹਨ ਅਰ ਇਨ੍ਹਾਂ ਕੋਲ ਕੋਈ ਅਵਾਜਾਈ ਦਾ ਸਾਧਨ ਨਹੀਂ ਕਿ ਕੱਲ ਸਵੇਰੇ ਇਹ ਆਪਣੇ ਘਰ ਤੋਂ ਹਵਾਈ ਅੱਡੇ ਤੱਕ ਆ ਸਕਣ, ਇਸ ਲਈ ਜਦੋਂ ਤੁਸੀਂ ਕੱਲ ਮੈਨੂੰ ਅਲਵਿਦਾ ਕਰਨ ਲਈ ਆਓਗੇ ਤਾਂ ਜੇਕਰ ਤੁਸੀਂ ਇਨ੍ਹਾਂ ਨੂੰ ਤੁਹਾਡੇ ਨਾਲ ਤੁਹਾਡੀ ਕਾਰ ਵਿੱਚ ਹਵਾਈ ਅੱਡੇ ਤੇ ਲੈ ਆਓ ਤਾਂ ਮੈਂ ਤੁਹਾਡਾ ਬਹੁਤ ਅਭਾਰੀ ਹੋਵਾਂਗਾ"। ਪਰੰਤੂ ਇਹ ਸੁਸਮਾਚਾਰਕ ਭਰਾ ਮੇਰੇ ਉੱਤੇ ਕ੍ਰੋਧਿਤ ਹੋ ਗਿਆ ਅਰ ਮੁੱਖ ਮਹਿਮਾਨ ਨੂੰ ਆਖਣ ਲੱਗਾ, "ਮੇਰੀ ਕਾਰ ਵਿੱਚ ਇਸ ਆਦਮੀ ਨੂੰ ਲਿਆਉਣ ਦੀ ਜਗ੍ਹਾ ਨਹੀਂ ਹੈ। ਇਸਨੂੰ ਹਵਾਈ ਅੱਡੇ ਤੇ ਬੁਲਾਉਣ ਲਈ ਰਹਿਣ ਦਿਓ"। ਮੁੱਖ ਮਹਿਮਾਨ ਨੇ ਉਸਨੂੰ ਪੁੱਛਿਆ, "ਕੀ ਕੱਲ ਤੁਹਾਡੇ ਨਾਲ ਕੁਝ ਹੋਰ ਲੋਕ ਵੀ ਹਵਾਈ ਅੱਡੇ ਤੇ ਆ ਰਹੇ ਹਨ?" ਉਸਨੇ ਉੱਤਰ ਦਿੱਤਾ, "ਮੇਰੇ ਨਾਲ ਕੋਈ ਨਹੀਂ ਆ ਰਿਹਾ ਪਰੰਤੂ ਮੈਂ ਇਸ ਗਰੀਬ ਆਦਮੀ ਨੂੰ ਨਾਲ ਨਹੀਂ ਲਿਆ ਸਕਦਾ"।

ਪ੍ਰਮੇਸ਼ਵਰ ਦਾ ਉਹ ਦਾਸ ਜੋ ਕਿ ਮੁੱਖ ਮਹਿਮਾਨ ਸੀ ਇਨ੍ਹਾਂ ਸ਼ਬਦਾਂ ਨੂੰ ਸੁਣਕੇ ਹੱਕਾ-ਬੱਕਾ ਰਹਿ ਗਿਆ। ਉਸਨੇ ਮੈਨੂੰ ਕੋਲ ਬੁਲਾਇਆ, ਮੇਰੇ ਸਿਰ ਉੱਤੇ ਹੱਥ ਰੱਖ ਕੇ ਹੰਝੂਆਂ ਨਾਲ ਪ੍ਰਾਰਥਨਾ ਕੀਤੀ ਕਿ ਪ੍ਰਮੇਸ਼ਵਰ ਮੈਨੂੰ ਭੌਤਿਕ ਬਰਕਤਾਂ ਵੀ ਦੇਵੇ। ਉਸਨੇ ਮੈਨੂੰ ਆਖਿਆ, "ਮੇਰੇ ਭਰਾ ਸੈਮ, ਮੈਂ ਜਾਣਦਾ ਹਾਂ ਕਿ ਤੂੰ ਸਰਵਉੱਚ ਪ੍ਰਮੇਸ਼ਵਰ ਦਾ, ਜਿਸਦੀ ਮੈਂ ਸੇਵਾ ਕਰਦਾ ਹਾਂ ਬਹੁਤ ਹੀ ਨਿਮਰ ਸੇਵਕ ਹੈਂ। ਮੈਂ ਤੇਰੇ ਅਤੇ ਤੇਰੀ ਸੇਵਕਾਈ ਉੱਪਰ ਪ੍ਰਮੇਸ਼ਵਰ ਦੀ ਖੁਸ਼ਹਾਲੀ ਘੋਸ਼ਣਾ ਕਰਦਾ ਹਾਂ। ਜਿਸ ਪ੍ਰਮੇਸ਼ਵਰ ਦੀ ਮੈਂ ਸੇਵਾ ਕਰਦਾ ਹਾਂ, ਉਹ ਸਵਰਗ ਦੀਆਂ ਖਿੜਕੀਆਂ ਖੋਲ ਕੇ ਤੁਹਾਨੂੰ ਬਹੁਤ ਸਾਰੀਆਂ ਕਾਰਾਂ, ਬੱਸਾਂ ਅਤੇ ਇਮਾਰਤਾਂ ਭਾਰਤ ਦੀ ਸੇਵਕਾਈ ਲਈ ਤੁਹਾਨੂੰ ਦੇਵੇਗਾ। ਤੁਸੀਂ ਮਨ ਵਿੱਚ ਉਸ ਭਰਾ ਲਈ ਨਫ਼ਰਤ ਨਹੀਂ ਰੱਖਣੀ ਜੋ ਤੁਹਾਨੂੰ ਕੱਲ ਹਵਾਈ ਅੱਡੇ ਤੇ ਲੈ ਕੇ ਨਹੀਂ ਆ ਰਿਹਾ।

ਇਸ ਅਨੁਭਵ ਨਾਲ ਮੈਂ ਦੁਖੀ ਨਹੀਂ ਹੋਇਆ ਬਲਕਿ ਮੈਂ ਪ੍ਰਮੇਸ਼ਵਰ ਦੇ ਸੇਵਕ ਦੁਆਰਾ ਬੋਲੇ ਗਏ ਉਨ੍ਹਾਂ ਬਰਕਤ ਦੇ ਸ਼ਬਦਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕੀਤਾ। ਦਿਨ ਬੀਤ ਗਏ। ਪਰੰਤੂ ਪ੍ਰਮੇਸ਼ਵਰ ਨੇ ਬੜੀ ਵਫ਼ਾਦਾਰੀ ਨਾਲ ਮੈਨੂੰ ਆਪਣੇ ਮਨ ਵਿੱਚ ਰੱਖਿਆ।ਪ੍ਰਮੇਸ਼ਵਰ ਨੇ ਮੈਨੂੰ ਗੱਡੀਆਂ ਅਤੇ ਸੇਵਕਾਈ ਲਈ ਲੋੜੀਂਦੇ ਬਹੁਤ ਸਾਰੇ ਸਮਾਨ ਦੀ ਬਰਕਤ ਦਿੱਤੀ। ਉਸਨੇ ਮੈਨੂੰ ਇਸ ਯੋਗ ਬਣਾਇਆ ਕਿ ਮੈਂ ਉਸੇ ਹਵਾਈ ਅੱਡੇ ਤੇ ਆਪਣੇ ਸਹਿਕਰਮੀਆਂ ਨਾਲ ਅਨੇਕਾਂ ਵਾਰ ਆਪਣੀਆਂ ਖੁਦ ਦੀਆਂ ਗੱਡੀਆਂ ਵਿੱਚ ਜਾ ਸਕਾਂ। ਕਿੰਨਾਂ ਅਦਭੁੱਤ ਪ੍ਰਮੇਸ਼ਵਰ ਸਾਡੇ ਕੋਲ ਹੈ! ਓਹੀ ਪ੍ਰਮੇਸ਼ਵਰ ਅੱਜ ਵੀ ਜੀਵਿਤ ਹੈ। ਉਹ ਕੱਲ, ਅੱਜ ਅਤੇ ਹਮੇਸ਼ਾ ਤੱਕ ਇੱਕੋ ਜਿਹਾ ਹੈ।

ਮੇਰੇ ਪਿਆਰੇ ਪਾਠਕ, ਕੀ ਤੁਸੀਂ ਇਸ ਗੱਲ ਤੋਂ ਪਰੇਸ਼ਾਨ ਹੋ ਜਾਂਦੇ ਹੋ ਕਿ ਦੂਸਰੇ ਲੋਕ ਤੁਹਾਡੇ ਉੱਪਰ ਪ੍ਰਮੇਸ਼ਵਰ ਦੇ ਮਸਹ ਨੂੰ ਨਹੀਂ ਪਹਿਚਾਣਦੇ? ਕੀ ਤੁਸੀਂ ਆਪਣੇ ਮੌਜੂਦਾ ਨਿਮਨ ਪੱਧਰ ਨੂੰ ਵੇਖ ਕੇ ਨਿਰਾਸ਼ ਹੋ ਜਾਂਦੇ ਹੋ? ਕੀ ਤੁਹਾਡੇ ਖੁਦ ਦੇ ਲੋਕ ਹੀ ਤੁਹਾਨੂੰ ਨੀਵਾਂ ਸਮਝਦੇ ਹਨ? ਪ੍ਰਮੇਸ਼ਵਰ ਆਖਦਾ ਹੈ, "ਤੁਹਾਡਾ ਦਿਲ ਨਾ ਘਬਰਾਵੇ...ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ: ਮੈਂ ਤੁਹਾਡੇ ਕੋਲ ਆਵਾਂਗਾ"-ਯੂਹੰਨਾ 14:1,18। ਉਸਦੀ ਯੋਜਨਾ ਅਨੁਸਾਰ ਜੀਵਨ ਜੀਓ।ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ!


**Statement about ownership and other particulars about the Newspaper Echo of His Call (Punjabi) - Form IV**

**(See Rule 8)**

1. Place of Publication : 10, Mohammed Abdullah 2nd Street, Chepauk, Chennai - 600 005.
2. Periodicity : Monthly
3. Printer, Editor, Owner & Publisher : **S. Sam Selva Raj** (Same Address)
4. Nationality : Indian

I, **S. Sam Selva Raj**, hereby declare that the particulars given above are true to the best of my knowledge and belief.

**March 2020** **S. Sam Selva Raj.**

RNI NO. TNPUN/2000/1914, Postal Regn. No. TN/CH/(C)/192/18-20 WPP NO. TN/PMG(CCR)/WPP-263/18-20

ਰੂਪ ਵਿੱਚ ਬਦਲਦੇ ਜਾਂਦੇ ਹਾਂ” (2 ਕੁਰਿੰਥੀਆਂ 3:18)।

ਪ੍ਰਮੇਸ਼ਵਰ ਦੇ ਤੇਜ ਦਾ ਸਾਡੇ ਜੀਵਨਾਂ ਨੂੰ ਸਮਰੱਥ ਬਖ਼ਸ਼ਦਾ ਹੈ: “…ਸਾਰੀ ਮਹਿਮਾ ਉੱਤੇ ਇੱਕ ਚਾਨਣੀ ਹੋਵੇਗੀ” (ਯਸਾਯਾਹ 4:5)। ਦੂਜੇ ਸ਼ਬਦਾਂ ਵਿੱਚ, ਪ੍ਰਮੇਸ਼ਵਰ ਦਾ ਜਲਾਲ ਸਾਡੇ ਸਭ ਤੋਂ ਬੁਰੇ ਸਮੇਂ ਵਿੱਚ ਵੀ ਸਾਨੂੰ ਪਵਿੱਤਰ ਰੱਖੇਗਾ। ਸ਼ੈਤਾਨ ਸਾਨੂੰ ਝੂਠ ਆਖੇਗਾ, “ਤੂੰ ਹਾਰ ਗਿਆ ਹੈਂ! ਤੂੰ ਧੋਖੇਬਾਜ, ਝੂਠਾ ਅਤੇ ਵਿਭਚਾਰੀ ਹੈ” ਪਰੰਤੂ ਅਸੀਂ ਉੱਤਰ ਦੇ ਸਕਦੇ ਹਾਂ, “ਸ਼ੈਤਾਨ, ਨਹੀਂ- ਮੇਰੇ ਕੋਲ ਇੱਕ ਮਹਾਂਯਾਜਕ ਹੈ ਅਤੇ ਮੈਂ ਉਸਦੇ ਜਲਾਲ ਦਾ ਦਰਸ਼ਨ ਪਾ ਕੇ ਪਵਿੱਤਰ ਹੋ ਚੁੱਕਾ ਹਾਂ!”

ਜਦੋਂ ਪ੍ਰਮੇਸ਼ਵਰ ਨੇ ਮੂਸਾ ਨੂੰ ਆਪਣੇ ਸੁਭਾਅ ਦੀਆਂ ਇਹ ਗੱਲਾਂ ਦੱਸੀਆਂ ਤਾਂ ਉਸਨੇ ਇਹ ਵੀ ਜ਼ਾਹਰ ਕੀਤਾ ਕਿ ਉਹ “…ਕੁਧਰਮੀ ਨੂੰ ਏਵੇਂ ਨਹੀਂ ਛੱਡਦਾ…” (ਕੂਚ 34:7)।ਅਜ਼ਰਯਾਹ ਨੇ ਰਾਜਾ ਆਸਾ ਦੇ ਉੱਨਤੀ ਦੇ ਸਮੇਂ ਵਿੱਚ ਉਸ ਲਈ ਨਬੂਵਤ ਕੀਤੀ, “ਜੇਕਰ ਤੂੰ ਪ੍ਰਮੇਸ਼ਵਰ ਦੀ ਮਹਿਮਾ ਨੂੰ ਤੁੱਛ ਜਾਣੇਗਾ-ਜੇ ਤੂੰ ਪਾਪ ਕਰਦਾ ਅਤੇ ਪ੍ਰਮੇਸ਼ਵਰ ਦਾ ਇਨਕਾਰ ਕਰਦਾ ਜਾਵੇਂਗਾ ਤਾਂ ਉਹ ਤੈਨੂੰ ਸ਼ੁੱਧ ਨਹੀਂ ਕਰੇਗਾ!” “…ਯਹੋਵਾਹ ਤੁਹਾਡੇ ਨਾਲ ਹੈ ਜਦ ਤੀਕ ਤੁਸੀਂ ਉਸਦੇ ਨਾਲ ਹੋ, ਜੇ ਤੁਸੀਂ ਉਸਦੇ ਚਾਹਵੰਦ ਹੋ ਤਾਂ ਉਹ ਤੁਹਾਨੂੰ ਮਿਲੇਗਾ ਪਰ ਜੇ ਤੁਸੀਂ ਉਸਨੂੰ ਛੱਡ ਦਿਓ ਤਾਂ ਉਹ ਤੁਹਾਨੂੰ ਛੱਡ ਦੇਵੇਗਾ” (2 ਇਤਹਾਸ 15:2)।

ਪ੍ਰਮੇਸ਼ਵਰ ਜੋ ਸਾਨੂੰ ਇੱਥੇ ਆਖ ਰਿਹਾ ਹੈ ਉਹ ਬੜਾ ਸਪੱਸ਼ਟ ਹੈ: “ਮੇਰੇ ਪੁੱਤਰ ਨੂੰ ਜਾਨਣ ਲਈ ਸਮਾਂ ਕੱਢੋ! ਮੇਰੇ ਕਲਾਮ ਨੂੰ ਖੋਜੋ ਅਤੇ ਪ੍ਰਾਰਥਨਾ ਦੇ ਗੁਪਤ ਸਥਾਨ ਵਿੱਚ ਮੇਰੇ ਨਾਲ ਮੁਲਾਕਾਤ ਕਰੋ। ਜਦੋਂ ਤੁਸੀਂ ਮੇਰੀ ਹਜ਼ੂਰੀ ਵਿੱਚ ਬਣੇ ਰਹੋਗੇ ਤਾਂ ਤੁਹਾਡੀਆਂ ਅੱਖਾਂ ਮੇਰੇ ਜਲਾਲ ਨੂੰ ਵੇਖਣਗੀਆਂ। ਜੋ ਮਸੀਹ ਵਿੱਚ ਜ਼ਾਹਰ ਹੋਇਆ ਹੈ। ਮਸੀਹ, ਮੇਰੇ ਪਿਆਰ, ਰਹਿਮ, ਕਿਰਪਾ ਅਤੇ ਦਯਾ ਦਾ ਪੂਰਨ ਪ੍ਰਗਟਾਵਾ ਹੈ”।

ਜਦੋਂ ਤੁਸੀਂ ਲਗਾਤਾਰ ਇਸ ਪ੍ਰਕਾਸ਼ਨ ਨੂੰ ਤੱਕਦੇ ਰਹੋਗੇ ਤਾਂ ਇਹ ਤੁਹਾਨੂੰ ਪਾਕ ਅਰ ਸਾਫ਼ ਕਰੇਗਾ ਅਤੇ ਤੁਸੀਂ ਦਿਨੋਂ ਦਿਨ ਯਿਸੂ ਵਰਗੇ ਬਣਦੇ ਜਾਓਗੇ। ਜਦੋਂ ਤੁਸੀਂ ਵੇਖੋਗੇ ਕਿ ਉਹ ਤੁਹਾਡੇ ਪ੍ਰਤੀ ਕਿੰਨਾ ਪ੍ਰੇਮੀ ਅਤੇ ਦਿਆਲੂ ਹੈ ਤਾਂ ਤੁਸੀਂ ਵ ਹੋਰਾਂ ਲਈ ਪ੍ਰੇਮੀ ਅਰ ਦਿਆਲੂ ਬਣਦੇ ਜਾਓਗੇ। ਅਤੇ ਮੇਰਾ ਜਲਾਲ ਤੁਹਾਡੇ ਅੰਦਰ ਪ੍ਰਦਰਸ਼ਿਤ ਹੋਵੇਗਾ!”

ਪਿਆਰਿਓ, ਚਿੰਨ੍ਹਾਂ ਨੂੰ ਭਾਲਣਾ ਬੰਦ ਕਰੋ। ਇਹ ਉਮੀਦ ਨਾ ਕਰੋ ਕਿ ਕੋਈ ਅਲੌਕਿਕ ਸ਼ਕਤੀ ਤੁਹਾਡੇ ਚਰਚ ਦੀ ਇਮਾਰਤ ਨੂੰ ਹਿਲਾਵੇਗੀ ਜਾਂ ਕੋਈ ਪਾਸਟਰ ਤੁਹਾਡੇ ਸਿਰ ਉੱਤੇ ਹੱਥ ਰੱਖੇਗਾ ਅਰ ਤੁਹਾਡੀਆਂ ਸਭ ਸਮੱਸਿਆਵਾਂ ਦੂਰ ਹੋ ਜਾਣਗੀਆਂ। ਕੇਵਲ ਪ੍ਰਭੂ ਨੂੰ ਭਾਲੋ! ਉਸਦਾ ਕਲਾਮ ਸਪੱਸ਼ਟ ਦੱਸਦਾ ਹੈ ਜਾਂ ਤਾਂ ਤੁਸੀਂ ਉਸਦੀ ਲਗਾਤਾਰ ਹਜ਼ੂਰੀ ਨੂੰ ਪਾਓਗੇ ਜਾਂ ਫਿਰ ਤੁੱਛ ਸਮਝੇ ਜਾਓਗੇ: “ਯਹੋਵਾਹ ਦੀਆਂ ਅੱਖਾਂ ਤਾਂ ਸਾਰੀ ਧਰਤੀ ਉੱਤੇ ਫਿਰਦੀਆਂ ਹਨ ਤਾਂ ਜੋ ਉਹਨਾਂ ਦੀ ਸਹਾਇਤਾ ਲਈ ਜਿਨ੍ਹਾਂ ਦਾ ਦਿਲ ਉਸ ਉੱਤੇ ਪੂਰਨ ਨਿਹਚਾ ਰੱਖਦਾ ਹੈ ਆਪਣੇ ਆਪ ਨੂੰ ਸਮਰੱਥ ਵਿਖਾਵੇ…” (2 ਇਤਹਾਸ 16:9)। ਆਪਣੇ ਪੂਰੇ ਹਿਰਦੇ ਨਾਲ ਉਸ ਦੇ ਚਾਹਵੰਦ ਹੋਵੋ ਅਤੇ ਹਰ ਰੋਜ਼ ਉਸਦੀ ਹਜ਼ੂਰੀ ਨੂੰ ਲੋਚੋ। ਤਦ ਤੁਸੀਂ ਉਸਦੇ ਅਦਭੁੱਤ ਜਲਾਲ ਦਾ ਅਨੁਭਵ ਕਰੋਗੇ!

---

## ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੁਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

**ਸਲਾਨਾ ਚੰਦਾ 100/- ਰੁ:**

**ਜੀਵਨ ਭਰ ਲਈ ਚੰਦਾ: 2000/- ਰੁ:**

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾਂ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ (ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ ਆਦਿ ਰਾਹੀ) ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

**ECHO OF HIS CALL**
10,MOHAMMED ABDULLAH 2ND STREET, CHEPAUK,
CHENNAI – 600 005, INDIA
Ph. No.: (+91-44) 2852 8282, 2852 9293, 2854 7766
Cell : (+91)98410 71852, 95661 31858
E-Mail : sam@echoofhiscall.org / biblecor@yahoo.co.in
Websites : www.echoofhiscall.org / www.echoofhiscall.com

**ਤੁਸੀਂ ਆਪਣੇ ਅਨੁਦਾਨ ਆਨਲਾਈਨ ਵੀ ਭੇਜ ਸਕਦੇ ਹੋ**

---

**RNI NO. 2000/1914**
**Postal Regn. No. TN/CH/(C)/192/18-20**
**WPP NO. TN/PMG(CCR) / WPP- 263/18-20**
**Date of Publication: Third week of every month**
**Date of Posting : 19th & 20th of every month**
**Posted at “Egmore RMS / 1 Patrika Channel”**
**on 20th MARCH 2020**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

***JESUS LOVES YOU!***

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**